New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਕਿਸੇ ਪ੍ਰਕਾਰ ਦੀ ਵੀ ਇੰਸ਼ੋਰੈਂਸ ਸਬੰਧੀ ਜਾਣਕਾਰੀ ਲਵੋ।
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 19 11 April, 2025 C ੨੯ ਚੇਤ ਨਾਨਕਸ਼ਾਹੀ ਸੰਮਤ ੫੫੭ Ph.: 604-338-7310 FAX : 604-572-3638 /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

## ਸਰਵੇਖਣਾਂ ਮੁਤਾਬਕ ਫੈਡਰਲ ਚੋਣਾਂ ਸਖ਼ਤ ਮੁਕਾਬਲਾ ਹੋਣ ਦੀ ਸੰਭਾਵਨਾ

ਸਰੀ : ਕੈਨੇਡਾ ਦੀ 45ਵੀਂ ਫੈਡਰਲ ਚੋਣ, ਜੋ 28 ਅਪ੍ਰੈਲ, 2025 ਨੂੰ ਹੋਣ ਜਾ ਰਹੀ ਹੈ, ਹੁਣ ਆਪਣੇ ਸਿਖਰ 'ਤੇ ਪਹੁੰਚ ਰਹੀ ਹੈ। ਸਰਵੇਖਣਾਂ ਮੁਤਾਬਕ ਲਿਬਰਲ ਪਾਰਟੀ ਅਤੇ ਕੰਜ਼ਰਵੇਟਿਵ ਪਾਰਟੀ ਵਿਚਕਾਰ ਟੱਕਰ ਬਹੁਤ ਨੇੜਿਓਂ ਹੋ ਗਈ ਹੈ, ਜਿਸ ਨੇ ਵੋਟਰਾਂ ਦੀ ਉਤਸੁਕਤਾ ਨੂੰ ਹੋਰ ਵਧਾ ਦਿੱਤਾ ਹੈ। ਇਸ ਚੋਣ ਦਾ ਮੁੱਖ ਮੁਕਾਬਲਾ ਲਿਬਰਲ ਨੇਤਾ ਮਾਰਕ ਕਾਰਨੀ ਅਤੇ ਕੰਜ਼ਰਵੇਟਿਵ ਨੇਤਾ ਪੀਅਰ ਪੌਲੀਐਵ ਵਿਚਕਾਰ ਹੈ, ਜਦਕਿ ਐਨਡੀਪੀ, ਬਲਾਕ ਕਿਊਬੇਕੁਆ ਅਤੇ ਗਰੀਨ ਪਾਰਟੀ ਵੀ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ।



ਤਾਜ਼ਾ ਸਰਵੇਖਣ ਦੱਸਦੇ ਹਨ ਕਿ ਲਿਬਰਲ ਪਾਰਟੀ ਅਤੇ ਕੰਜ਼ਰਵੇਟਿਵ ਪਾਰਟੀ ਵਿਚਕਾਰ ਫਰਕ ਸਿਰਫ਼ 4-5 ਫੀਸਦੀ ਅੰਕਾਂ ਦਾ ਰਹਿ ਗਿਆ ਹੈ। ਕੁਝ ਸਰਵੇਖਣਾਂ ਵਿੱਚ ਲਿਬਰਲ ਪਾਰਟੀ ਅੱਗੇ ਨਜ਼ਰ ਆ ਰਹੀ ਹੈ, ਪਰ ਕੰਜ਼ਰਵੇਟਿਵ ਪਾਰਟੀ ਦੀ ਲੋਕਪ੍ਰਿਯਤਾ ਵੀ ਤੇਜ਼ੀ ਨਾਲ ਵਧ ਰਹੀ ਹੈ, ਖਾਸਕਰ ਓਨਟਾਰੀਓ ਅਤੇ ਪ੍ਰੈਰੀ ਸੂਬਿਆਂ ਵਿੱਚ। ਐਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਦੀ ਸਮਰਥਨ ਵਿੱਚ ਘਾਟ ਦੇਖੀ ਗਈ ਹੈ, ਜਿਸ ਨਾਲ ਪਾਰਟੀ ਨੂੰ ਸਿਰਫ 10-15 ਸੀਟਾਂ ਦੀ ਉਮੀਦ ਹੈ। ਬਲਾਕ ਕਿਊਬੇਕੁਆ ਨੇਤਾ ਈਵ-ਫ੍ਰਾਂਸੁਆ ਬਲਾਂਚੇ ਅਤੇ ਗਰੀਨ ਪਾਰਟੀ ਦੇ ਸਹਿ-ਨੇਤਾ ਐਲਿਜ਼ਾਬੈਥ ਮੇ ਅਤੇ ਜੋਨਾਥਨ ਪੈਡਨੋ ਵੀ ਆਪੋ-ਆਪਣੇ ਖੇਤਰਾਂ ਵਿੱਚ ਪ੍ਰਭਾਵ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਇੱਕ ਮਹੱਤਵਪੂਰਨ ਸਰਵੇਖਣ ਮੁਤਾਬਕ, 31% ਵੋਟਰ ਜੀਵਨ ਖਰਚਿਆਂ ਅਤੇ ਮਹਿੰਗਾਈ ਨੂੰ ਆਪਣਾ ਮੁੱਖ ਮੁੱਦਾ ਮੰਨਦੇ ਹਨ, ਜਦਕਿ 19% ਅਮਰੀਕਾ ਨਾਲ ਵਪਾਰਕ ਜੰਗ ਅਤੇ ਸਰਹੱਦੀ ਸੁਰੱਖਿਆ ਨੂੰ ਅਹਿਮ ਮੁੱਦਾ ਸਮਝਦੇ ਹਨ। ਸਿਹਤ ਸੰਭਾਲ, ਮਕਾਨ ਸੰਕਟ ਅਤੇ ਜਲਵਾਯੂ ਤਬਦੀਲੀ ਵੀ ☛ ਬਾਕੀ ਸਫ਼ਾ 13 ’ਤੇ

## ਕੈਨੇਡਾ ਦੀਆਂ 2025 ਫੈਡਰਲ ਚੋਣਾਂ ’ਚ ਸਾਊਥ ਏਸ਼ੀਅਨ ਮੂਲ ਦੇ 70 ਤੋਂ ਵੱਧ ਉਮੀਦਵਾਰ ਮੈਦਾਨ ਵਿੱਚ ਨਿੱਤਰੇ

ਸਰੀ : ਕੈਨੇਡਾ ਵਿੱਚ 28 ਅਪ੍ਰੈਲ, 2025 ਨੂੰ ਹੋਣ ਵਾਲੀਆਂ ਫੈਡਰਲ ਚੋਣਾਂ ਵਿੱਚ ਸਾਊਥ ਏਸ਼ੀਅਨ ਭਾਈਚਾਰੇ ਦੀ ਅਹਿਮ ਭੂਮਿਕਾ ਸਾਹਮਣੇ ਆ ਰਹੀ ਹੈ। ਇਸ ਵਾਰ ਦੇਸ਼ ਭਰ ਦੀਆਂ ਵੱਖ-ਵੱਖ ਚੋਣ ਹਲਕਿਆਂ ਤੋਂ ਰਿਕਾਰਡ ਗਿਣਤੀ ‘ਚ ਸਾਊਥ ਏਸ਼ੀਅਨ ਮੂਲ ਦੇ ਉਮੀਦਵਾਰ ਚੋਣੀ ਮੈਦਾਨ ਵਿੱਚ ਉਤਰੇ ਹਨ, ਜੋ ਕੈਨੇਡੀਅਨ ਸਿਆਸਤ ਵਿੱਚ ਇਸ ਭਾਈਚਾਰੇ ਦੀ ਵਧਦੀ ਸੰਖਿਆ ਅਤੇ ਪ੍ਰਭਾਵ ਨੂੰ ਦਰਸਾਉਂਦਾ ਹੈ। ਇਹ ਗਿਣਤੀ ਪਿਛਲੀਆਂ ਚੋਣਾਂ ਨਾਲੋਂ ਕਾਫੀ ਵੱਧ ਹੈ ਅਤੇ ਸਾਊਥ ਏਸ਼ੀਅਨ ਕਮਿਊਨਿਟੀ ਦੀ ਸਿਆਸੀ ਜਾਗਰੂਕਤਾ ਦਾ ਸਪੱਸ਼ਟ ਸੰਕੇਤ ਹੈ।




ਇਸ ਵਾਰ ਦੀਆਂ ਚੋਣਾਂ ਵਿੱਚ ਪੰਜਾਬੀ ਮੂਲ ਦੇ ਉਮੀਦਵਾਰ ਸਭ ਤੋਂ ਵੱਧ ਸੰਖਿਆ ਵਿੱਚ ਹਨ, ਜਿਨ੍ਹਾਂ ਨੇ ਸਰੀ, ਬ੍ਰੈਂਪਟਨਅਤੇ ਵੈਨਕੂਵਰ ‘ਚ ਵੱਖ-ਵੱਖ ਚੋਣ ਹਲਕਿਆਂ ਮਜ਼ਬੂਤ ਦਾਅਵੇਦਾਰੀ ਪੇਸ਼ ਕੀਤੀ ਹੈ। ਇਸ ਦੇ ਨਾਲ ਹੀ, ਗੁਜਰਾਤੀ ਅਤੇ ਤਾਮਿਲ ਮੂਲ ਦੇ ਉਮੀਦਵਾਰ ਵੀ ਕੈਲਗਰੀ, ਐਡਮਿੰਟਨ, ਅਤੇ ਮਿਸੀਸਾਗਾ ਵਰਗੇ ਸ਼ਹਿਰਾਂ ਵਿੱਚ ਸਰਗਰਮੀ ☛ ਬਾਕੀ ਸਫ਼ਾ 13 ’ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA
CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST.
(PAYAL BUSINESS CENTRE) SURREY

Satya Asha
FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm
SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ
FAST SERVICE AND COMPETITIVE RATES
S&S INSURANCE SERVICE
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW 604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

IATA | Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey
ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

SARABHA TRUCK REPAIR SERVICES LTD.
HEAVY DUTY TRUCK PARTS
GOVERNMENT APPROVED FACILITY
AMRIT GREWAL : 604-600-5835
JAS : 604-916-5835
SUKH : 778-241-5835
19770 98 Ave, Langley, BC

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

# HAPPY VAISAKHI

## ਵਿਸਾਖੀ ਦੀਆਂ ਲੱਖ ਲੱਖ ਵਧਾਈਆਂ



*Best wishes from your Liberal Candidate*

# RANDEEP SARAI

Surrey Centre

Authorized by the official agent of Randeep Sarai

info@randeepsaraisurrey.ca 604-455-2299 randeepsaraisurrey.ca 10567 King George Blvd.

## ਇਸ ਸਾਲ ਆਪਣੇ ਪੁਰਾਣੀਆਂ ਵਸਤੂਆਂ ਨੂੰ ਵਾਪਸ ਦੇ ਕੇ ਵਿਸਾਖੀ ਦੀ ਜਸ਼ਨ ਮਨਾਓ!

ਇਲੈਕਟ੍ਰਾਨਿਕਸ ਵਸਤੂਆਂ ਦੀ ਰੀਸਾਈਕਲੰਗਿ ਧਾਤਾਂ, ਪਲਾਸਟਿਕ ਅਤੇ ਹੋਰ ਸਰੋਤਾਂ ਨੂੰ ਆਮ ਕੂੜੇ ਤੋਂ ਬਾਹਰ ਰੱਖਦੀ ਹੈ, ਇਸ ਲਈ ਪੁਰਾਣੀਆਂ ਇਲੈਕਟ੍ਰਾਨਿਕਸ ਸਮੱਗਰੀਆਂ ਤੋਂ ਨਵੇਂ ਉਤਪਾਦ ਬਣਾਏ ਜਾ ਸਕਦੇ ਹਨ।
ਅੱਜ ਹੀ ਆਪਣੇ ਪੁਰਾਣੇ ਇਲੈਕਟ੍ਰਾਨਿਕਸ ਅਤੇ ਹੋਰ ਰੀਸਾਈਕਲ ਹੋਣ ਯੋਗ ਵਸਤੂਆਂ ਨੂੰ ਸਾਡੇ ਕੋਲ ਲੈ ਕੇ ਆਓ!

### ਕਿਹੜੇ ਇਲੈਕਟ੍ਰੋਨਿਕਸ ਦੇ ਸਮਾਨ ਨੂੰ ਰੀਸਾਈਕਲ ਕੀਤਾ ਜਾ ਸਕਦਾ ਹੈ?

- ਡੈਸਕਟਾਪ / ਪੋਰਟੇਬਲ ਕੰਪਿਊਟਰ (Computer)
- ਡਿਸਪਲੇ ਡਿਵਾਈਸ (Device)
- ਪ੍ਰਿੰਟਿੰਗ, ਸਕੈਨਿੰਗ ਮਸ਼ੀਨਾਂ ਅਤੇ ਮਲਟੀ-ਫੰਕਸ਼ਨ ਡਿਵਾਈਸ (Multi-Function Devices)
- ਡੈਸਕਟਾਪ, ਪ੍ਰਿੰਟਰ (Printer)
- ਹੋਮ ਆਡੀਓ/ ਵੀਡੀਓ ਸਿਸਟਮ (Audio/Video)
- ਆਡੀਓ / ਵੀਡੀਓ ਸਿਸਟਮ
- ਨਿੱਜੀ ਆਡੀਓ/ਵੀਡੀਓ ਸਿਸਟਮ
- ਵੀਡੀਓ ਗੇਮਿੰਗ ਸਿਸਟਮ / ਬੈਟਰੀ ਨਾਲ ਚੱਲਣ ਵਾਲੇ ਖਿਡੌਣੇ
- ਮੋਬਾਇਲ ਫੋਨ ਅਤੇ ਗੈਰ-ਸੈਲੂਲਰ ਫੋਨ
- ਟੈਲੀਕਾਮ (Telecom) ਦਾ ਸਮਾਨਇਲੈਕਟ੍ਰਿਕ ਸਾਈਕਲ
- ਮੈਡੀਕਲ ਉਪਕਰਨ
- ਸੰਗੀਤ ਯੰਤਰ
- ਇਲੈਕਟ੍ਰਿਕ ਸਾਈਕਲ
- ਇਲੈਕਟ੍ਰਿਕ ਸਕੂਟਰ
- ਰਸੋਈ ਦੇ ਕਾਊਂਟਰਟੋਪ ਤੇ ਲੱਗਣ ਵਾਲੇ ਸਟੋਵ ਅਤੇ ਹੋਰ ਉਪਕਰਣ
- ਸਫਾਈ/ਘਰ ਦੀ ਦੇਖਭਾਲ ਵਾਲੇ ਉਪਕਰਣ
- ਹਵਾ ਨੂੰ ਸ਼ੁੱਧ ਕਰਨ ਵਾਲੇ
- ਪਾਵਰ ਟੂਲ ਡਰਿਲ ਅਤੇ ਹੋਰ ਸੰਦ
- ਹੁਨਰ ਅਤੇ ਦਸਤਕਾਰੀ ਵਾਲੀਆਂ ਰੀਸਾਇਕਲ ਹੋਣ ਯੋਗ ਵਸਤੂਆਂ
- ਨਿੱਜੀ ਦੇਖਭਾਲ ਵਾਲੇ ਉਪਕਰਣ
- ਕਸਰਤ ਅਤੇ ਜਿਮ ਵਾਲੇ ਉਪਕਰਣ



ਆਪਣੇ ਘਰ ਦੇ ਨੇੜੇ ਦੀ ਲ਼ੋਕੇਸ਼ਨ ਤੇ ਜਾਵੋ ਜਾਂ ਵੈਬ ਸਾਇਟ ਤੇ **Return-It.ca/Electronics**

Return-It Electronics

ਰਿਟਰਨ-ਇਟ (Return It) ਇਲੈਕਟ੍ਰਾਨਿਕ ਪ੍ਰੋਡਕਟਸ ਰੀਸਾਈਕਲਿੰਗ ਐਸੋਸੀਏਸ਼ਨ (ਬ੍ਰਿਟਿਸ਼ ਕੋਲੰਬੀਆ) ਦਾ ਹਿੱਸਾ ਹੈ।

RECYCLE MY ELECTRONICS



BHARTI ART JEWELLERS
SINCE - 1973
ਭਾਰਤੀ ਆਰਟ ਜਿਊਲਰਜ਼
ਪਾਇਲ ਬਿਜ਼ਨਸ ਸੈਂਟਰ, ਸਰੀ
HAPPY VAISAKHI
ਭਾਰਤੀ ਆਰਟ ਜ਼ਿਊਲਰਜ਼ ਵਲੋਂ ਆਪ ਸਭ ਨੂੰ
ਵਿਸਾਖੀ ਦੀਆਂ ਲੱਖ ਲੱਖ ਵਧਾਈਆਂ
778-565-5000
346-8140 128 STREET SURREY BC
(PAYAL BUSINESS CENTRE)
604-327-8711
6612 MAIN STREET, VANCOUVER BC
INFO@BHARATIJEWELLERS.COM
Gold & Diamond Jewellery
bharti.art.jewellers

HAPPY VAISAKHI

ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ

ELECT

# GREGOR ROBERTSON

# ਗਰੈਗਰ ਰੌਬਰਟਸਨ

Vancouver Fraserview- South Burnaby



www.gregorrobertson.ca
2010 48th Avenue E, Vancouver BC
604-321-4884

Liberal

Authorized by the Official Agent of Gregor Robertson

## EXPERIENCED, TRUSTED, BRIDGE BUILDER

**ਮਜ਼ਬੂਤ ਲੀਡਰਸ਼ਿਪ**

- 2008-2018: ਵੈਨਕੂਵਰ ਦੇ ਮੇਅਰ
- 2005-2008: ਬੀ.ਸੀ. ਐਨ.ਡੀ.ਪੀ. ਐਮ.ਐਲ.ਏ. (ਵੈਨਕੂਵਰ-ਫੇਅਰਵਿਊ)

**ਸਾਡੇ ਭਾਈਚਾਰੇ ਵਿੱਚ ਨਿਵੇਸ਼**

- ਕਿਲਾਰਨੀ ਅਤੇ ਸਨਸੈੱਟ ਸੀਨੀਅਰਜ਼ ਸੈਂਟਰ
- ਰਿਵਰ ਡਿਸਟ੍ਰਿਕਟ ਹਾਊਸਿੰਗ
- ਫਾਇਰ-ਹਾਲ ਨੰਬਰ 5 ਅਤੇ ਫਾਇਰ-ਹਾਲ ਨੰਬਰ 17

**ਕਾਰੋਬਾਰੀ ਤਜਰਬਾ**

- ਹੈਪੀ ਪਲੈਨੇਟ ਫੂਡਜ਼ ਦੇ ਸੰਸਥਾਪਕ ਅਤੇ ਸਾਬਕਾ ਸੀ.ਈ.ਓ.

On April 28th, 2025

## Vote for Gregor Robertson

Liberal Candidate for Vancouver Fraserview - South Burnaby

AUTHORIZED BY THE OFFICIAL AGENT FOR GREGOR ROBERTSON


Happy Vaisakhi
Premier David Eby and your BC NDP MLAs
wish you and your family a Happy Vaisakhi
Premier David Eby
Vancouver-Point Grey
George Anderson
Nanaimo-Lantzville
Brenda Bailey
Vancouver-South Granville
Garry Begg
Surrey-Guildford
Christine Boyle
Vancouver-Little Mountain
Jagrup Brar
Surrey-Fleetwood
George Chow
Vancouver-Fraserview
Raj Chouhan
Burnaby-New Westminster
Sunita Dhir
Vancouver-Langara
Adrian Dix
Vancouver-Renfrew
Mike Farnworth
Port Coquitlam
Kelly Greene
Richmond-Steveston
Anne Kang
Burnaby Centre
Ravi Kahlon
Delta North
Nina Krieger
Victoria-Swan Lake
Ravi Parmar
Langford-Highlands
Joan Phillip
Vancouver-Strathcona
Lana Popham
Saanich South
Harwinder Sandhu
Vernon-Lumby
Amna Shah
Surrey-City Centre
Niki Sharma
Vancouver-Hastings
Jessie Sunner
Surrey-Newton
Jennifer Whiteside
New Westminster-Coquitlam
East Annex, Parliament Buildings, Victoria, B.C. V8V1x4 | 250 387 3655


ਖਾਲਸਾ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ
A F G
APICAL FINANCIAL GROUP
MORTGAGE
· RESIDENTIAL
· REFINANCE
· EQUITY MORTGAGE
COMMERCIAL
· CONSTRUCTION
· PRIVATE LENDING
· DEBT CONSOLIDATION
abw
A BETTER WAY MORTGAGE GROUP
MORTGAGE ARCHITECTS
NEETU BEDI
Mortgage Advisor
604.379.7212
nbedimortgages@gmail.com

ਖਾਲਸਾ ਸਾਜਨਾ ਦਿਵਸ
ਅਤੇ
# ਵਿਸਾਖੀ
ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ



# Save-on-Pallet
## & Enviro Pallet Recovery
### Buy + Sell (2004) Ltd.

ਵੱਲੋਂ : ਹਰਪਾਲ ਸਿੰਘ ਗਰੇਵਾਲ, ਸੰਤੋਖ ਸਿੰਘ ਕੰਦੋਲਾ, ਕੁਲਦੀਪ ਸਿੰਘ ਕੰਦੋਲਾ

## ਸੇਵ-ਔਨ ਪੈਲੇਟ ਲਿਮਿਟਡ
ਇਨਵਾਇਰੋ ਪੈਲੇਟ ਰਿਕਵਰੀ ਬਾਏ+ਸੈਲ (2004) ਲਿਮਟਿਡ

ਦੋਨੋਂ ਕਾਰੋਬਾਰੀ ਪੈਲੇਟ ਕੰਪਨੀਆਂ ਇੱਕੋ ਹੀ ਮੈਨੇਜਮੈਂਟ ਅਧੀਨ ਰਿਚਮੰਡ ਵਿਖੇ ਚਲਦੀਆਂ ਹਨ।

Save-on-Pallet : 604-301-1084
Enviro Pallet Recovery : 604-301-1084
FAX : 604-301-1079

**7801 Vantage Way, Delta, BC V4G 1A6**
**11571 Mitchell Road Richmond B.C.**

# HAPPY VAISAKHI

ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ

## CityMed Pharmacy

Your Partner in Health



FREE DELIVERY

**Our Services :**

- Compliance Packaging
- Specialty Compounding
- Travel Vaccinations
- Home Monitoring Program
- Best Prices!

www.citymedhealth.ca

**2 Locations: Surrey & White Rock**

107 - 14818 60 Ave, Surrey BC, V3S 0B5

604-593-8866

4 - 1493, Foster St, White Rock BC, V4B 0C4

604-385-1490

ਕੈਨੇਡੀਅਨ ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada

- **Brar Bhagta Bhai Ka**
  604-751-1113
- **Karamjit Singh Buttar**
  Journalist
- **Simranjit Singh**
  Journalist
- **Dr. Puran Singh**
  Writer
- **Gora Sandhu Khurd**
  News Reporter (Punjab)
- **Paramjit Singh**
  Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**



# ਵਾਤਾਵਰਣ ਦੇ ਮਹੱਤਵ ਪ੍ਰਤੀ ਸੁਚੇਤ ਕੈਨੇਡੀਅਨ ਲੋਕ

**ਪ੍ਰਿੰਸੀਪਲ ਵਿਜੈ ਕੁਮਾਰ**
**Email : vijaykumarbehki@gmail.com**

ਕੈਨੇਡਾ ਵਿੱਚ ਇੱਕ ਸਾਲ ਦਾ ਅਰਸਾ ਗੁਜ਼ਾਰਦਿਆਂ ਮੈਨੂੰ ਇੱਕ ਦਿਨ ਵੀ ਅਜਿਹਾ ਵੇਖਣ ਨੂੰ ਨਹੀਂ ਮਿਲਿਆ ਜਿਸ ਦਿਨ ਇੱਕ ਮਿੰਟ ਲਈ ਵੀ ਬਿਜਲੀ ਗਈ ਹੋਵੇ। ਗਰਮੀ ਵਿੱਚ ਬੈਠੇ ਲੋਕ ਪੱਖੀਆਂ ਝੱਲ ਰਹੇ ਹੋਣ। ਚੱਲ ਰਹੇ ਸਮਾਗਮ ਵਿੱਚ ਚੱਲਦਾ ਹੋਇਆ ਮਾਇਕ ਅਤੇ ਸਪੀਕਰ ਬੰਦ ਹੋ ਗਿਆ ਹੋਵੇ। ਹਸਪਤਾਲਾਂ, ਸਿੱਖਿਆ ਸੰਸਥਾਵਾਂ, ਬੈਂਕਾਂ, ਵਿਆਹਾਂ, ਸਮਾਗਮਾਂ ਅਤੇ ਦਫ਼ਤਰਾਂ ਵਿੱਚ ਬਿਜਲੀ ਜਾਣ 'ਤੇ ਲੋਕਾਂ ਨੂੰ ਜਨਰੇਟਰ ਨਹੀਂ ਚਲਾਉਣੇ ਪੈਂਦੇ। ਇੱਥੇ ਨਾ ਬਿਜਲੀ ਦੇ ਕੱਟ ਲੱਗਣ ਅਤੇ ਨਾ ਹੀ ਬਿਜਲੀ ਤੋਂ ਬਿਨਾਂ ਕਾਰਖਾਨੇ ਚੱਲਣੇ ਬੰਦ ਹੋਣ। ਬਿਜਲੀ ਨਾ ਜਾਣ ਦਾ ਇਹ ਮਤਲਬ ਨਹੀਂ ਕਿ ਇਸ ਮੁਲਕ ਵਿੱਚ ਬਿਜਲੀ ਦੀ ਵਰਤੋਂ ਘੱਟ ਹੁੰਦੀ ਹੈ ਜਾਂ ਦੁਨੀਆ ਦੀਆਂ 50% ਝੀਲਾਂ ਇਸ ਮੁਲਕ ਵਿੱਚ ਹੋਣ ਕਾਰਨ ਅਤੇ 60% ਐਨਰਜੀ ਹਾਈਡਰੋ ਥਰਮਲ ਪਲਾਟਾਂ ਤੋਂ ਲੈਣ ਕਰਕੇ ਇਸ ਮੁਲਕ 'ਚ ਬਿਜਲੀ ਬਹੁਤ ਬਣਦੀ ਹੈ। ਕੈਨੇਡਾ ਵਿੱਚ ਬਿਜਲੀ ਸਾਡੇ ਮੁਲਕ ਤੋਂ ਵੀ ਵੱਧ ਵਰਤੀ ਜਾਂਦੀ ਹੈ।

ਬਹੁਤ ਠੰਢਾ ਮੁਲਕ ਹੋਣ ਕਾਰਨ ਹਰ ਘਰ, ਸਿੱਖਿਆ ਸੰਸਥਾਵਾਂ, ਦਫ਼ਤਰਾਂ, ਹਸਪਤਾਲਾਂ, ਧਾਰਮਿਕ ਸੰਸਥਾਵਾਂ, ਪਲਾਜ਼ਿਆਂ, ਹੋਟਲਾਂ, ਸੈਲੂਨਾਂ, ਬੱਸਾਂ, ਗੱਡੀਆਂ, ਡੇਅ ਕੇਅਰ ਸੈਂਟਰਾਂ, ਕਾਰਖਾਨਿਆਂ, ਬਿਰਧ ਆਸ਼ਰਮਾਂ, ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ, ਬੈਂਕਾਂ, ਜਨਤਕ ਸਥਾਨਾਂ ਅਤੇ ਹਰ ਥਾਂ 'ਤੇ ਗਰਮ ਰੱਖਣ ਵਾਲੇ ਵੱਡੇ ਵੱਡੇ ਫਰਨਸ ਲੱਗੇ ਹੋਏ ਹਨ ਤਾਂ ਕਿ ਲੋਕਾਂ ਨੂੰ ਠੰਢ ਨਾ ਲੱਗੇ। ਗਰਮੀਆਂ ਵਿੱਚ ਹਰ ਘਰ ਅਤੇ ਹਰ ਥਾਂ 'ਤੇ ਏ.ਸੀ. ਲੱਗੇ ਹੋਏ ਹਨ ਤਾਂ ਕਿ ਗਰਮੀ ਨਾ ਲੱਗੇ। ਹਰ ਘਰ ਵਿੱਚ ਫਰਿੱਜ, ਕੱਪੜੇ ਧੋਣ ਵਾਲੀ ਮਸ਼ੀਨ ਲੱਗੀ ਹੋਈ ਹੈ। ਬੱਸਾਂ ਅਤੇ ਗੱਡੀਆਂ ਬਿਜਲੀ ਨਾਲ ਚੱਲਦੀਆਂ ਹਨ। ਘਰ ਦਾ ਹਰ ਕੰਮ ਬਿਜਲੀ ਨਾਲ ਚੱਲਣ ਵਾਲੀਆਂ ਮਸ਼ੀਨਾਂ ਨਾਲ ਹੁੰਦਾ ਹੈ। ਇੱਥੋਂ ਤੱਕ ਕਿ ਘਰ ਦੀ ਸਾਫ਼ ਸਫ਼ਾਈ ਵੀ ਬਿਜਲੀ ਨਾਲ ਚੱਲਣ ਵਾਲੇ ਪੋਚਿਆਂ ਨਾਲ ਹੁੰਦੀ ਹੈ। ਇਸ ਮੁਲਕ ਦੇ ਹਰ ਘਰ ਅਤੇ ਅਦਾਰੇ ਦੀਆਂ ਟੂਟੀਆਂ ਵਿੱਚ ਠੰਢਾ ਅਤੇ ਗਰਮ ਦੋਵੇਂ ਤਰ੍ਹਾਂ ਦਾ ਪਾਣੀ ਆਉਂਦਾ ਹੈ। ਉਸ ਲਈ ਬਿਜਲੀ ਦੀ ਵਰਤੋਂ ਹੁੰਦੀ ਹੈ। ਮਜ਼ਦੂਰੀ ਵੀ ਮਸ਼ੀਨਾਂ ਨਾਲ ਹੀ ਹੁੰਦੀ ਹੈ। ਇਸ ਮੁਲਕ 'ਚ ਲੋਕਾਂ ਵੱਲੋਂ ਬਿਜਲੀ ਦੀ ਸਹੂਲਤ ਦਾ ਆਨੰਦ ਮਾਣਨ ਦਾ ਅਸਲੀ ਕਾਰਨ ਇਹ ਹੈ ਕਿ ਇੱਥੇ ਕਾਨੂੰਨ ਬਹੁਤ ਸਖ਼ਤ ਹਨ।

ਸਰਕਾਰਾਂ ਚੋਣਾਂ ਜਿੱਤਣ ਲਈ ਬਿਜਲੀ ਮੁਫ਼ਤ ਨਹੀਂ ਵੰਡਦੀਆਂ। ਇੱਥੋਂ ਦੇ ਲੋਕ ਬਿਜਲੀ ਦੇ ਮੀਟਰਾਂ ਨੂੰ ਕੁੰਡੀਆਂ ਨਹੀਂ ਲਗਾ ਸਕਦੇ। ਉਹ ਬਿਜਲੀ ਦੀ ਦੁਰਵਰਤੋਂ ਨਹੀਂ ਕਰ ਸਕਦੇ। ਜਿਸ ਨਾਗਰਿਕ ਨੇ ਜਿਸ ਢੰਗ ਨਾਲ ਬਿਜਲੀ ਦੀ ਵਰਤੋਂ ਕਰਨੀ ਹੈ, ਉਸ ਨੂੰ ਉਸ ਢੰਗ ਨਾਲ ਬਿਜਲੀ ਦੇ ਬਿਲ ਦੀ ਅਦਾਇਗੀ ਕਰਨੀ ਪੈਂਦੀ ਹੈ। ਘਰਾਂ ਦੇ ਬਾਹਰ ਲੱਗੇ ਮੀਟਰਾਂ ਤੋਂ ਬਿਜਲੀ ਵਿਭਾਗ ਦੇ ਕਰਮਚਾਰੀ ਮਸ਼ੀਨਾਂ ਨਾਲ ਕਦੋਂ ਰੀਡਿੰਗ ਲੈ ਜਾਂਦੇ ਹਨ ਪਤਾ ਵੀ ਨਹੀਂ ਲੱਗਦਾ। ਬਿਜਲੀ ਦੇ ਬਿਲ ਜਮ੍ਹਾ ਕਰਵਾਉਣ ਲਈ ਕਿਸੇ ਨੂੰ ਵੀ ਦਫ਼ਤਰਾਂ ਵਿੱਚ ਨਹੀਂ ਜਾਣਾ ਪੈਂਦਾ। ਬਿਲ ਆਨਲਾਈਨ ਹੀ ਜਮ੍ਹਾ ਹੁੰਦੇ ਹਨ। ਬਿਲ ਘੱਟ ਜਾਂ ਵੱਧ ਆਉਣ ਦਾ ਕਦੇ ਘਸਮਾਣ ਨਹੀਂ ਪੈਂਦਾ। ਸਾਡੇ ਦੇਸ਼ ਵਾਂਗ ਦਿਨ ਨੂੰ ਜਨਤਕ ਥਾਵਾਂ ਅਤੇ ਸੜਕਾਂ 'ਤੇ ਲੱਗੀਆਂ ਬੱਤੀਆਂ ਕਦੇ ਵੀ ਬਲਦੀਆਂ ਨਹੀਂ ਮਿਲਣਗੀਆਂ। ਦਫ਼ਤਰਾਂ, ਸਿੱਖਿਆ ਸੰਸਥਾਵਾਂ, ਹਸਪਤਾਲਾਂ ਅਤੇ ਹੋਰ ਜਨਤਕ ਥਾਵਾਂ 'ਤੇ ਬਿਨਾਂ ਲੋੜ ਤੋਂ ਕਦੇ ਵੀ ਬੱਤੀਆਂ ਬਲਦੀਆਂ ਨਹੀਂ ਮਿਲਣਗੀਆਂ। ਛੁੱਟੀਆਂ ਵਾਲੇ ਦਿਨ ਅਤੇ ਸ਼ਾਮ ਨੂੰ ਸੱਤ ਵਜੇ ਤੋਂ ਬਾਅਦ ਬਿਜਲੀ ਦੇ ਰੇਟ ਘੱਟ ਹਨ ਤਾਂ ਕਿ ਨੌਕਰੀਆਂ ਵਾਲੇ ਲੋਕ ਛੁੱਟੀਆਂ 'ਚ ਅਤੇ ਨੌਕਰੀ ਤੋਂ ਆ ਕੇ ਬਿਜਲੀ ਨਾਲ ਜੁੜੇ ਕੰਮ ਨਿਪਟਾ ਸਕਣ। ਜੇਕਰ ਲੋਕ ਬਿਜਲੀ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਬਿਜਲੀ ਦੀ ਵਰਤੋਂ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਤਿੰਨ ਗੁਣਾ ਪੈਸਿਆਂ ਦੀ ਅਦਾਇਗੀ ਕਰਨੀ ਪੈਂਦੀ ਹੈ। ਜੇਕਰ ਲੋਕਾਂ ਵੱਲੋਂ ਬਿਜਲੀ ਦੀ ਵਰਤੋਂ ਦੇ ਕਾਨੂੰਨ ਦੀ ਕੋਈ ਵੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਨੂੰ ਕੋਈ ਵੀ ਨੋਟਿਸ ਨਹੀਂ ਭੇਜਿਆ ਜਾਂਦਾ ਤੇ ਨਾ ਹੀ ਕੋਈ ਪੁੱਛਗਿੱਛ ਕੀਤੀ ਜਾਂਦੀ ਹੈ, ਸਿੱਧਾ ਜੁਰਮਾਨਾ ਕਰਕੇ ਪੈਸੇ ਜਮ੍ਹਾ ਕਰਵਾਉਣ ਦੀ ਈਮੇਲ ਆ ਜਾਂਦੀ ਹੈ। ਕਿਸੇ ਵੀ ਵਿਸ਼ੇਸ਼ ਵਰਗ ਨੂੰ ਬਿਜਲੀ ਮੁਫ਼ਤ ਦੇਣ ਦੀ ਵਿਵਸਥਾ ਨਹੀਂ ਹੈ। ਇਹੋ ਕਾਰਨ ਹੈ ਕਿ ਇਸ ਮੁਲਕ ਵਿੱਚ ਕਦੇ ਵੀ ਬਿਜਲੀ ਨਹੀਂ ਜਾਂਦੀ। ਬਿਜਲੀ ਦੇ ਲੰਬੇ ਲੰਬੇ ਕੱਟ ਨਹੀਂ ਲੱਗਦੇ। ਸੜਕਾਂ 'ਤੇ ਨਾ ਤਾਂ ਬਿਜਲੀ ਦੇ ਗਿਰੇ ਹੋਏ ਖੰਭੇ ਮਿਲਦੇ ਹਨ ਤੇ ਨਾ ਹੀ ਤਾਰਾਂ ਦੇ ਲਟਕੇ ਹੋਏ ਜਾਲ। ਬਿਜਲੀ ਮੁਲਾਜ਼ਮਾਂ ਨੂੰ ਤਨਖਾਹ ਲੈਣ ਲਈ ਸਰਕਾਰਾਂ ਵਿਰੁੱਧ ਮੁਜ਼ਾਹਰੇ ਵੀ ਨਹੀਂ ਕਰਨੇ ਪੈਂਦੇ।

ਹੁਣ ਗੱਲ ਜੇਕਰ ਪਾਣੀ ਦੀ ਕੀਤੀ ਜਾਵੇ ਤਾਂ ਇਸ ਮੁਲਕ ਦੇ ਲੋਕ ਪਾਣੀ ਦੀ ਸਹੂਲਤ ਦਾ ਪੂਰਾ ਆਨੰਦ ਲੈਂਦੇ ਹਨ। ਇੱਥੇ ਸਾਡੇ ਦੇਸ਼ ਵਾਂਗ ਪਾਣੀ ਆਉਣ ਦਾ ਕੋਈ ਸਮਾਂ ਨਿਸ਼ਚਿਤ ਨਹੀਂ ਹੈ। 24 ਘੰਟੇ ਜਿੰਨਾ ਮਰਜ਼ੀ ਪਾਣੀ ਵਰਤੋ ਪਰ ਜਲ ਸਪਲਾਈ ਵਿਭਾਗ ਦੇ ਨਿਰਦੇਸ਼ਾਂ ਦੇ ਦਾਇਰੇ ਵਿੱਚ ਰਹਿ ਕੇ। ਇੱਥੇ ਇਹ ਕਦੇ ਨਹੀਂ ਹੁੰਦਾ ਕਿ ਸਾਰਾ ਦਿਨ ਪਾਣੀ ਹੀ ਨਾ ਆਵੇ। ਤੁਸੀਂ ਬਾਥਰੂਮ ਵਿੱਚ ਨਹਾਉਣ ਬੜੇ ਤੇ ਪਾਣੀ ਚਲਾ ਜਾਵੇ। ਤੁਹਾਨੂੰ ਟੂਟੀਆਂ ਅੱਗੇ ਹੱਥਾਂ ਵਿੱਚ ਬਾਲਟੀਆਂ ਫੜੀਂ ਪਾਣੀ ਦੀ ਉਡੀਕ ਕਰਦੇ ਲੋਕਾਂ ਦੀਆਂ ਕਤਾਰਾਂ ਕਦੇ ਵੀ ਵਿਖਾਈ ਨਹੀਂ ਦੇਣਗੀਆਂ। ਲੋਕਾਂ ਨੂੰ ਵਿਆਹ ਸ਼ਾਦੀਆਂ ਅਤੇ ਹੋਰ ਸਮਾਗਮਾਂ 'ਤੇ ਜਾਂ ਫਿਰ ਮਕਾਨਾਂ ਦੀ ਉਸਾਰੀ ਕਰਨ ਵੇਲੇ ਪਾਣੀ ਦੇ ਟੈਂਕਰ ਮੰਗਵਾਉਣੇ ਨਹੀਂ ਪੈਂਦੇ ਸਗੋਂ ਘਰਾਂ ਵਿੱਚ ਹੀ ਪਾਣੀ ਬਹੁਤ ਹੁੰਦਾ ਹੈ। ਪਾਣੀ ਦੀ ਘਾਟ ਨੂੰ ਲੈ ਕੇ ਨਾ ਤਾਂ ਲੋਕਾਂ 'ਚ ਲੜਾਈਆਂ ਹੁੰਦੀਆਂ ਹਨ ਤੇ ਨਾ ਹੀ ਮੁਲਕ ਦੀਆਂ ਸਰਕਾਰਾਂ ਵਿਰੁੱਧ ਮੁਜ਼ਾਹਰੇ। ਜੇਕਰ ਕਿਧਰੇ ਅੱਗ ਲੱਗਣ ਦੀ ਦੁਰਘਟਨਾ ਵਾਪਰ ਜਾਵੇ ਤਾਂ ਅੱਗ ਬੁਝਾਊ ਵਿਭਾਗ ਨੂੰ ਪਾਣੀ ਦੁਰਘਟਨਾ ਵਾਪਰਨ ਵਾਲੇ ਸਥਾਨ ਦੇ ਨੇੜੇ-ਤੇੜੇ ਹੀ ਮਿਲ ਜਾਂਦਾ ਹੈ ਕਿਉਂਕਿ ਅਜਿਹੇ ਸਮੇਂ ਲਈ ਹਰ ਗਲੀ ਵਿੱਚ ਪਾਣੀ ਦਾ ਵਿਸ਼ੇਸ਼ ਪ੍ਰਬੰਧ ਹੈ ਤੇ ਲਾਲ ਰੰਗ ਵਾਲੀ ਪਾਈਪ ਬਾਹਰ ਕੱਢੀ ਹੋਈ ਹੈ ਤਾਂ ਕਿ ਉਸ ਦੀ ਸਮੇਂ ਸਿਰ ਵਰਤੋਂ ਹੋ ਸਕੇ।

ਹੁਣ ਸਵਾਲ ਇਹ ਹੈ ਕਿ ਇਸ ਮੁਲਕ ਦੇ ਲੋਕ ਪਾਣੀ ਦੀ ਸਹੂਲਤ ਦਾ ਆਨੰਦ ਕਿਵੇਂ ਮਾਣ ਰਹੇ ਹਨ ? ਸਭ ਤੋਂ ਪਹਿਲਾ ਕਾਰਨ ਇਹ ਹੈ ਕਿ ਇੱਥੋਂ ਦੀਆਂ ਸਰਕਾਰਾਂ ਪਾਣੀ ਦੀ ਵਰਤੋਂ ਅਤੇ ਸ਼ੁੱਧਤਾ ਪ੍ਰਤੀ ਬਹੁਤ ਸੁਚੇਤ ਹਨ। ਸਾਡੇ ਮੁਲਕ ਵਾਂਗ ਟੂਟੀਆਂ 'ਚ ਕਦੇ ਵੀ ਗੰਦਾ ਪਾਣੀ ਨਹੀਂ ਆਉਂਦਾ। ਪਾਣੀ ਦੀ ਵਰਤੋਂ ਨੂੰ ਨਾਪਣ ਲਈ ਘਰਾਂ ਦੇ ਬਾਹਰ ਮੀਟਰ ਲੱਗੇ ਹੋਏ ਹਨ। ਜਲ ਸਪਲਾਈ ਵਿਭਾਗ ਦੇ ਕਰਮਚਾਰੀ ਪਾਣੀ ਦੀ ਵਰਤੋਂ ਦੀ ਰੀਡਿੰਗ ਕਦੋਂ ਨੋਟ ਕਰਕੇ ਲੈ ਜਾਂਦੇ ਹਨ, ਪਤਾ ਹੀ ਨਹੀਂ ਲੱਗਦਾ। ਪਾਣੀ ਦੀ

"ਜੇਕਰ ਪਾਣੀ ਦੀ ਕੀਤੀ ਜਾਵੇ ਤਾਂ ਇਸ ਮੁਲਕ ਦੇ ਲੋਕ ਪਾਣੀ ਦੀ ਸਹੂਲਤ ਦਾ ਪੂਰਾ ਆਨੰਦ ਲੈਂਦੇ ਹਨ। ਇੱਥੇ ਸਾਡੇ ਦੇਸ਼ ਵਾਂਗ ਪਾਣੀ ਆਉਣ ਦਾ ਕੋਈ ਸਮਾਂ ਨਿਸ਼ਚਿਤ ਨਹੀਂ ਹੈ। 24 ਘੰਟੇ ਜਿੰਨਾ ਮਰਜ਼ੀ ਪਾਣੀ ਵਰਤੋ ਪਰ ਜਲ ਸਪਲਾਈ ਵਿਭਾਗ ਦੇ ਨਿਰਦੇਸ਼ਾਂ ਦੇ ਦਾਇਰੇ ਵਿੱਚ ਰਹਿ ਕੇ। ਇੱਥੇ ਇਹ ਕਦੇ ਨਹੀਂ ਹੁੰਦਾ ਕਿ ਸਾਰਾ ਦਿਨ ਪਾਣੀ ਹੀ ਨਾ ਆਵੇ। ਤੁਸੀਂ ਬਾਥਰੂਮ ਵਿੱਚ ਨਹਾਉਣ ਬੜੇ ਤੇ ਪਾਣੀ ਚਲਾ ਜਾਵੇ। ਤੁਹਾਨੂੰ ਟੂਟੀਆਂ ਅੱਗੇ ਹੱਥਾਂ ਵਿੱਚ ਬਾਲਟੀਆਂ ਫੜੀਂ ਪਾਣੀ ਦੀ ਉਡੀਕ ਕਰਦੇ ਲੋਕਾਂ ਦੀਆਂ ਕਤਾਰਾਂ ਕਦੇ ਵੀ ਵਿਖਾਈ ਨਹੀਂ ਦੇਣਗੀਆਂ।"

ਦੁਰਵਰਤੋਂ ਲਈ ਤਿੰਨ ਗੁਣਾ ਜ਼ਿਆਦਾ ਪੈਸੇ ਵਸੂਲੇ ਜਾਂਦੇ ਹਨ। ਇਸੇ ਕਾਰਨ ਲੋਕ ਘਰਾਂ ਵਿੱਚ ਪਾਣੀ ਦੀਆਂ ਟੂਟੀਆਂ ਚੱਲਦੀਆਂ ਨਹੀਂ ਛੱਡਦੇ।

ਪਾਣੀ ਦੀ ਦੁਰਵਰਤੋਂ ਰੋਕਣ ਲਈ ਘਰਾਂ ਅੱਗੇ ਕਾਰਾਂ ਧੋਣ ਦੀ ਮਨਾਹੀ ਹੈ ਪਰ ਫਿਰ ਵੀ ਇਸ ਮੁਲਕ ਵਿੱਚ ਵਿਦੇਸ਼ਾਂ ਤੋਂ ਆ ਕੇ ਵਸੇ ਲੋਕ ਆਪਣੇ ਘਰਾਂ ਅੱਗੇ ਕਾਰਾਂ ਧੋਂਦੇ ਨਜ਼ਰ ਆ ਜਾਂਦੇ ਹਨ। ਜਨਤਕ ਥਾਵਾਂ, ਪਾਰਕਾਂ, ਸੜਕਾਂ 'ਤੇ ਨਾ ਤਾਂ ਪਾਣੀ ਦੀਆਂ ਫਟੀਆਂ ਹੋਈਆਂ ਪਾਈਪਾਂ ਤੋਂ ਪਾਣੀ ਰਿਸਦਾ ਨਜ਼ਰ ਆਵੇਗਾ ਅਤੇ ਨਾ ਹੀ ਕੋਈ ਟੂਟੀ ਨਜ਼ਰ ਆਵੇਗੀ।

ਹਰ ਸਮਾਗਮ ਵਿੱਚ ਪਾਣੀ ਦੀਆਂ ਬੰਦ ਬੋਤਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਮਕਾਨਾਂ ਦੀ ਉਸਾਰੀ ਸਮੇਂ ਪਾਣੀ ਦੀ ਦੁਰਵਰਤੋਂ ਨਹੀਂ ਹੋ ਸਕਦੀ ਕਿਉਂਕਿ ਮਸ਼ੀਨਰੀ ਹੀ ਇਸ ਢੰਗ ਦੀ ਹੈ। ਜਨਤਕ ਥਾਵਾਂ ਅਤੇ ਅਦਾਰਿਆਂ ਦੇ ਪਖਾਨਿਆਂ 'ਚ ਨਾ ਟੂਟੀਆਂ ਰਿਸਦੀਆਂ ਵਿਖਾਈ ਦੇਣਗੀਆਂ ਤੇ ਨਾ ਹੀ ਕੋਈ ਪਾਈਪ ਟੁੱਟੀ ਨਜ਼ਰ ਆਵੇਗੀ। ਬੱਸ ਅੱਡਿਆਂ ਤੇ ਰੇਲਵੇ ਸਟੇਸ਼ਨਾਂ 'ਤੇ ਕੋਈ ਟੂਟੀ ਅਤੇ ਵਾਟਰ ਕੂਲਰ ਲੱਗੇ ਨਜ਼ਰ ਨਹੀਂ ਆਉਂਦੇ ਕਿਉਂਕਿ ਲੋਕ ਪਾਣੀ ਦੀਆਂ ਆਪਣੀਆਂ ਬੋਤਲਾਂ ਲੈ ਕੇ ਤੁਰਦੇ ਹਨ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪਾਣੀ ਦੀ ਕੋਈ ਟੂਟੀ ਨਜ਼ਰ ਨਹੀਂ ਆਵੇਗੀ। ਸੀਵਰੇਜ ਸਿਸਟਮ ਵੀ ਅਜਿਹੇ ਵਧੀਆ ਢੰਗ ਦਾ ਹੈ ਕਿ ਇੱਕ ਬੂੰਦ ਵੀ ਪਾਣੀ ਦੀ ਬਰਬਾਦ ਨਹੀਂ ਹੋਣ ਦਿੱਤੀ ਜਾਂਦੀ। ਖੇਤਾਂ ਦੀ ਸਿੰਚਾਈ ਲਈ ਪਾਣੀ ਦੀ ਅਜਿਹੀ ਵਿਵਸਥਾ ਹੈ ਕਿ ਪਾਣੀ ਦੀ ਬਰਬਾਦੀ ਦਾ ਸਵਾਲ ਪੈਦਾ ਹੀ ਨਹੀਂ ਹੁੰਦਾ।

ਪਾਣੀ ਦੀ ਵਰਤੋਂ ਦਾ ਬਿਲ ਮੁਲਕ ਦੇ ਹਰ ਵਿਅਕਤੀ ਨੂੰ ਅਦਾ ਕਰਨਾ ਪੈਂਦਾ ਹੈ। ਇਸ ਮੁਲਕ ਨੂੰ ਝੀਲਾਂ ਅਤੇ ਦਰਿਆਵਾਂ ਦਾ ਦੇਸ਼ ਕਿਹਾ ਜਾਂਦਾ ਹੈ। ਇੱਥੇ ਪੈਣ ਵਾਲੀ ਬਰਫ਼ ਅਤੇ ਵਰਖਾ ਦੇ ਪਾਣੀ ਦੀ ਪੂਰੀ ਸੰਭਾਲ ਕਰਨ ਦਾ ਪ੍ਰਬੰਧ ਹੈ। ਫਿਰ ਵੀ ਇੱਥੋਂ ਦੀਆਂ ਸਰਕਾਰਾਂ ਪਾਣੀ ਦੀ ਸੰਭਾਲ ਪ੍ਰਤੀ ਬਹੁਤ ਸੁਚੇਤ ਹਨ। ਝੀਲਾਂ ਅਤੇ ਦਰਿਆਵਾਂ ਨੂੰ ਮਨੋਰੰਜਨ ਸਥਾਨ ਬਣਾ ਕੇ ਉਨ੍ਹਾਂ ਤੋਂ ਕਮਾਈ ਕੀਤੀ ਜਾ ਰਹੀ ਹੈ। ਪਤਾ ਨਹੀਂ ਸਾਡੇ ਮੁਲਕ ਦੀਆਂ ਸਰਕਾਰਾਂ ਅਤੇ ਲੋਕਾਂ ਨੂੰ ਪਾਣੀ ਦੀ ਸੰਭਾਲ ਅਤੇ ਬਰਬਾਦੀ ਨੂੰ ਰੋਕਣ ਦੀ ਸਮਝ ਕਦੋਂ ਆਵੇਗੀ?

# ਵਿਦੇਸ਼ੀਆਂ ਲਈ ਘਰ ਖਰੀਦਣ 'ਤੇ ਸਥਾਈ ਪਾਬੰਦੀ ਲਾਈ ਜਾਵੇਗੀ : ਜਗਮੀਤ ਸਿੰਘ

ਸਰੀ, (ਸਿਮਰਨਜੀਤ ਸਿੰਘ): 2025 ਦੀਆਂ ਫੈਡਰਲ ਚੋਣਾਂ ਲਈ ਚੋਣ ਪ੍ਰਚਾਰ ਕਰ ਰਹੀਆਂ ਪਾਰਟੀਆਂ ਵਲੋਂ ਵੱਡੇ ਵੱਡੇ ਐਲਾਨ ਕੀਤਾ ਜਾ ਰਹੇ ਹਨ ਅਤੇ ਵੱਡੇ ਮਸਲਿਆਂ 'ਚੋਂ ਇਕ ਘਰਾਂ ਦੀ ਕੀਮਤ ਅਤੇ ਅਸਥਿਰ ਹਾਊਸਿੰਗ ਮਾਰਕੀਟ ਵੀ ਵੱਡਾ ਚੋਣ ਮੁੱਦਾ ਬਣੀ ਹੋਈ ਹੈ। ਐਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਨੇ ਵੈਨਕੂਵਰ ਵਿੱਚ ਵੱਡੀ ਘੋਸ਼ਣਾ ਕਰਦਿਆਂ ਕਿਹਾ ਹੈ ਕਿ ਨਵੀਂ ਡੈਮੋਕ੍ਰੈਟ ਸਰਕਾਰ ਆਉਣ 'ਤੇ ਵਿਦੇਸ਼ੀਆਂ 'ਤੇ ਘਰ ਖਰੀਦਣ ਲਈ ਸਥਾਈ ਪਾਬੰਦੀ ਲਾਏਗੀ। ਉਨ੍ਹਾਂ ਨੇ ਕਿਹਾ ਕਿ ਇਹ ਕਦਮ ਹਾਊਸਿੰਗ ਮਾਰਕੀਟ ਨੂੰ ਨਫੇ ਦੀ ਵਸਤੂ ਬਣਨ ਤੋਂ ਬਚਾਉਣ ਅਤੇ ਇਥੇ ਰਹਿਣ ਵਾਲੇ ਲੋਕਾਂ ਲਈ ਘਰ ਸੁਰੱਖਿਅਤ ਬਣਾਉਣ ਲਈ ਜ਼ਰੂਰੀ ਹੈ।

ਜਗਮੀਤ ਸਿੰਘ ਨੇ ਪ੍ਰੈਸ ਕਾਨਫਰੰਸ ਦੌਰਾਨ ਆਖਿਆ "ਘਰ ਲੋਕਾਂ ਦੇ ਰਹਿਣ ਲਈ ਹੋਣੇ ਚਾਹੀਦੇ ਨੇ — ਨਾ ਕਿ ਨਿਵੇਸ਼ਕਾਂ ਵੱਲੋਂ ਤੇਜ਼ ਨਫੇ ਲਈ ਫਲਿਪ"

ਉਨ੍ਹਾਂ ਨੇ ਕਿਹਾ ਕਿ ਟਰੰਪ ਵੱਲੋਂ ਲਗਾਈਆਂ ਡਿਊਟੀਸ ਦੇ ਕਾਰਨ ਕਈ ਵਿਦੇਸ਼ੀ ਨਿਵੇਸ਼ਕ ਹਾਲਾਤਾਂ ਦਾ ਫਾਇਦਾ ਚੁੱਕ ਕੇ ਕੈਨੇਡਾ ਦੀ ਰਿਹਾਇਸ਼ੀ ਜਾਇਦਾਦ 'ਚ ਨਿਵੇਸ਼ ਕਰ ਰਹੇ ਹਨ, ਜਿਸ ਨਾਲ ਕੀਮਤਾਂ ਹੋਰ ਵੀ ਵੱਧ ਰਹੀਆਂ ਹਨ।




ਐਨ.ਡੀ.ਪੀ. ਦੀ ਯੋਜਨਾ ਅਨੁਸਾਰ, ਇਹ ਪਾਬੰਦੀ ਸਿਰਫ਼ ਕਾਗਜ਼ੀ ਹੋਣ ਦੀ ਥਾਂ ਕਾਨੂੰਨੀ ਤੌਰ 'ਤੇ ਲਾਗੂ ਹੋਵੇਗੀ। ਕੰਪਨੀਆਂ ਜਾਂ ਹੋਰ ਕਾਰਪੋਰੇਟ ਟਰੱਸਟਾਂ ਰਾਹੀਂ ਕੀਤੇ ਜਾਣ ਵਾਲੇ ਖਰੀਦਦਾਰੀ ਤੇ ਵੀ ਰੋਕੇ ਲੱਗੇਗੀ। ਇਹ ਪਾਬੰਦੀ ਰਿਕਰੀਏਸ਼ਨਲ ਜਾਇਦਾਦਾਂ — ਜਿਵੇਂ ਕਿ ਕਾਟੇਜ ਜਾਂ ਕੇਬਿਨ — 'ਤੇ ਲਾਗੂ ਨਹੀਂ ਹੋਵੇਗੀ।

ਇਸ ਦੇ ਨਾਲ, ਜਗਮੀਤ ਸਿੰਘ ਨੇ ਵੈਨਕੂਵਰ ਈਸਟ ਤੋਂ ਲਿਬਰਲ ਉਮੀਦਵਾਰ ਮਾਰਕ ਵੀਨਜ਼ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਉਹ ਇੱਕ ਲਗਜ਼ਰੀ ਰੀਅਲਟਰ ਹੋਣ ਦੇ ਨਾਤੇ, ਵਿਦੇਸ਼ੀ ਖਰੀਦਦਾਰਾਂ ਲਈ ਘਰਾਂ ਦੀ ਵਪਾਰਕ ਤਰੀਕੇ ਨਾਲ ਮਾਰਕੀਟਿੰਗ ਕਰਦੇ ਰਹੇ ਹਨ, ਜਿਸ ਨਾਲ ਕੀਮਤਾਂ ਹੋਰ ਵੀ ਅਸਮਾਨੀ ਚੜ੍ਹ ਰਹੀਆਂ ਹਨ। ਉਨ੍ਹਾਂ ਨੇ ਦੱਸਿਆ ਕਿ ਮਾਰਕ ਕਾਰਨੀ ਦੀ ਟੀਮ ਅਤੇ ਬਾਬ ਰੈਨੀ ਵਰਗੇ ਵੱਡੇ ਰੀਅਲ ਅਸਟੇਟ ਨਾਂ, ਲਿਬਰਲ ਪਾਰਟੀ ਨਾਲ ਮਿਲ ਕੇ ਹੋਰ ਵਿਦੇਸ਼ੀ ਰਕਮ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ।

ਜਗਮੀਤ ਸਿੰਘ ਨੇ ਪੀਅਰ ਪੌਲੀਵੀਅਰ ਦੀ ਲੀਡਰਸ਼ਿਪ ਵਾਲੀ ਕੰਜ਼ਰਵੇਟਿਵ ਪਾਰਟੀ ਬਾਰੇ ਬੋਲਦੇ ਹੋਏ ਕਿਹਾ ਕਿ ਕੰਜ਼ਰਵੇਟਿਵ ਪਾਰਟੀ ਸਿਰਫ਼ ਨਿਵੇਸ਼ਕਾਂ ਲਈ ਟੈਕਸ ਛੂਟ ਅਤੇ ਨਿਯਮਾਂ ਦੀ ਲਚੀਲਤਾ ਦੀ ਗੱਲ ਕਰ ਰਹੀ ਹੈ, ਪਰ ਕਿਰਾਏਦਾਰਾਂ ਜਾਂ ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਲਈ ਕੋਈ ਠੋਸ ਯੋਜਨਾ ਨਹੀਂ ਹੈ।

ਜਗਮੀਤ ਸਿੰਘ ਨੇ ਐਲਾਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਪਾਰਟੀ ਵਿਦੇਸ਼ੀ ਘਰ ਖਰੀਦਦਾਰਾਂ ਉੱਤੇ ਸਥਾਈ ਪਾਬੰਦੀ ਲਾਗੂ ਕਰੇਗੀ। ਗੈਰ-ਮੁਨਾਫਾ ਹਾਊਸਿੰਗ ਵਿਚ ਵੱਡਾ ਸਰਕਾਰੀ ਨਿਵੇਸ਼ ਕੀਤਾ ਜਾਵੇਗਾ। ਐਨਟੀ-ਫਲਿਪਿੰਗ ਟੈਕਸ ਨੂੰ 1 ਸਾਲ ਤੋਂ ਵਧਾ ਕੇ 5 ਸਾਲ ਕੀਤਾ ਜਾਵੇਗਾ । ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੇ ਆਪਣੀ ਰਿਹਾਇਸ਼ ਲਈ ਘਰ ਖਰੀਦਿਆ ਹੈ, ਤਾਂ ਉਹ ਇਸ ਟੈਕਸ ਤੋਂ ਬਚੇਗਾ। ਪਰ ਜੋ ਲੋਕ ਘਰਾਂ ਨੂੰ ਛੇਤੀ ਵੇਚਣ ਲਈ ਖਰੀਦਦੇ ਹਨ, ਉਹਨਾਂ ਤੋਂ ਟੈਕਸ ਇੰਕਮ ਵਾਂਗ ਲਾਇਆ ਜਾਵੇਗਾ, ਨਾ ਕਿ ਕੈਪੀਟਲ ਗੇਨ ਵਾਂਗ। This report was written by Simranjit Singh as part of the Local Journalism Initiative.

# ਕੈਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ ਵਲੋਂ ਖ਼ਾਲਸਾ ਸਿਰਜਣਾ ਦਿਵਸ ਮੌਕੇ ਵਿਸ਼ੇਸ਼ ਸਮਾਗਮ 13 ਅਪ੍ਰੈਲ ਨੂੰ

**ਸਰੀ, (ਸਿਮਰਨਜੀਤ ਸਿੰਘ):** ਸਿੱਖ ਇਤਿਹਾਸ ਦੇ ਮਹੱਤਵਪੂਰਨ ਦਿਨ 'ਖ਼ਾਲਸਾ ਸਿਰਜਣਾ ਦਿਵਸ' ਨੂੰ ਯਾਦਗਾਰ ਬਣਾਉਣ ਲਈ ਕੈਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸਾਮਾਜ਼ਟੀ ਵਲੋਂ 13 ਅਪ੍ਰੈਲ, 2025 ਨੂੰ ਇਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਸਮਾਗਮ ਸਰੀ ਦੇ 8388-128 ਸਟਰੀਟ ਵਿਖੇ ਗਰੈਂਡ ਤਾਜ਼ ਬੈਂਕੁਇਟ ਹਾਲ ਵਿਖੇ ਸਵੇਰੇ 10 ਵਜੇ ਤੋਂ ਸ਼ੁਰੂ ਹੋ ਕੇ ਦੁਪਹਿਰ 3 ਵਜੇ ਤੱਕ ਚੱਲੇਗਾ। ਸਮਾਗਮ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਬਾਰੇ ਜੋ ਗਲਤ ਧਾਰਨਾ (ਕੱਤਕ ਦੀ ਪੂਰਨਮਾਸ਼ੀ) ਬਣ ਚੁੱਕੀ ਹੈ ਉਸ ਬਾਰੇ ਸੁਚੇਤ ਕਰਨ ਲਈ ਵਿਚਾਰ-ਵਟਾਂਦਰਾ ਹੋਵੇਘਾ। ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਸਮਾਜਕ ਤੇ ਧਾਰਮਿਕ ਦ੍ਰਿਸ਼ਟਿਕੋਣ ਤੋਂ ਵਿਸਥਾਰ ਨਾਲ ਪੇਸ਼ ਕੀਤਾ ਜਾਵੇਗਾ। ਵਿਦਵਾਨਾਂ, ਇਤਿਹਾਸਕਾਰਾਂ ਅਤੇ ਸਿੱਖ ਨੌਜਵਾਨਾਂ ਵਲੋਂ ਖ਼ਾਲਸੇ ਦੀ ਸਿਰਜਣਾ ਅਤੇ ਅਜੋਕੇ ਸਮੇਂ ਵਿਚ ਉਸ ਦੇ ਮਹੱਤਵ 'ਤੇ ਰੋਸ਼ਨੀ ਪਾਈ ਜਾਵੇਗੀ। ਇਸ ਮੌਕੇ ਅਤਿੰਦਰਪਾਲ ਸਿੰਘ ਖ਼ਾਲਿਸਤਾਨੀ, ਮੋਨਿੰਦਰ ਸਿੰਘ ਅਤੇ ਪਰਮਿੰਦਰ ਕੌਰ ਮੁੱਖ ਮਹਿਮਾਨ ਵਲੋਂ ਪਹੁੰਚ ਰਹੇ ਹਨ ਜੋ ਕਿ ਸਮਾਗਮ ਨੂੰ ਸੰਬੋਧਨ ਕਰਨਗੇ। ਉਨ੍ਹਾਂ ਵਲੋਂ ਸਿੱਖ ਇਤਿਹਾਸ ਅਤੇ ਨੌਜਵਾਨੀ ਵਿਚ ਜਾਗਰੂਕਤਾ ਦੇ ਵਿਸ਼ਿਆਂ 'ਤੇ ਵਿਚਾਰ ਪ੍ਰਗਟ ਕੀਤੇ ਜਾਣਗੇ। ਇਸ ਵਿਸ਼ੇਸ਼ ਸਮਾਗਮ ਦਾ ਆਯੋਜਨ ਭਾਈ ਜਗਤਾਰ ਸਿੰਘ, ਸਰਨਾਮ ਸਿੰਘ ਜੋਹਲ, ਜਸਬੀਰ ਸਿੰਘ ਗਿੱਲ ਅਤੇ ਗੁਰਮੁਖ ਸਿੰਘ ਵਲੋਂ ਕੀਤਾ ਜਾ ਰਿਹਾ ਹੈ ਉਨ੍ਹਾਂ ਕਿਹਾ ਕਿ ਇਹ ਸਮਾਗਮ ਖ਼ਾਲਸਾ ਪੰਥ ਦੀ ਇਤਿਹਾਸਕ ਯਾਦ ਨੂੰ ਤਾਜ਼ਾ ਕਰਨ, ਨੌਜਵਾਨ ਪੀੜ੍ਹੀ ਨੂੰ ਆਪਣੀ ਮੂਲ ਸੱਭਿਆਚਾਰ ਅਤੇ ਧਾਰਮਿਕ ਪਹਚਾਣ ਨਾਲ ਜੋੜਨ ਅਤੇ ਸਿੱਖ ਪੰਥ ਦੀ ਆਉਣ ਵਾਲੀ ਦਿਸ਼ਾ ਨੂੰ ਪ੍ਰਭਾਸ਼ਿਤ ਕਰਨ ਲਈ ਵਿਸ਼ੇਸ਼ ਉਲਰਾਲਾ ਹਰ ਸਾਲ ਕੀਤਾ ਜਾਂਦਾ ਹੈ। This report was written by Simranjit Singh as part of the Local Journalism Initiative.


Atinder pal Singh Khalistani | Moninder Singh | Parminder Kaur

ਘਰਾਂ, ਕਮਰਸ਼ੀਅਲ ਜਾਂ ਨਵੇਂ ਬਣ ਰਹੇ ਘਰਾਂ ਦੀ ਸਫਾਈ ਲਈ ਅਤੇ ਕਿਸੇ ਵੀ ਤਰ੍ਹਾਂ ਦਾ ਗਾਰਬੇਜ਼ ਚੁੱਕਵਾਉਣ ਲਈ ਸਾਨੂੰ ਅੱਜ ਹੀ ਫੋਨ ਕਰੋ

604-512-5001

SHINE PRO CLEANING

We Provide a reliable and Flexible Workforce,

Ready to meet your labor needs anywhere, Ensuring efficient and timely support across various Locations.

» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning

JASVINDER SINGH

CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।

ਖਾਲਸਾ ਸੰਪੂਰਨਤਾ ਦਿਵਸ

1469 - 1699

ਸਮੂਹ ਸੰਗਤਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ ਕਿ

ਕੈਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ ਵਲੋਂ

ਹਰ ਸਾਲ ਦੀ ਤਰ੍ਹਾਂ, ਇਸ ਸਾਲ ਵੀ

ਵਿਸ਼ੇਸ਼ ਸਮਾਗਮ

ਆਯੋਜਿਤ ਕੀਤਾ ਜਾਵੇਗਾ। ਸੰਗਤਾਂ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਬਾਰੇ ਜੋ ਗ਼ਲਤ ਧਾਰਨਾ (ਕੱਤਕ ਦੀ ਪੂਰਨਮਾਸ਼ੀ) ਬਣ ਚੁੱਕੀ ਹੈ, ਉਸ ਸਬੰਧ ਵਿੱਚ ਸੁਚੇਤ ਕਰਨ ਦੇ ਮਨੋਰਥ ਨਾਲ,

ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਅਤੇ ਖਾਲਸੇ ਦਾ ਸੰਪੂਰਨਤਾ (ਵੈਸਾਖੀ)

ਨੂੰ ਸਾਂਝੇ ਤੌਰ 'ਤੇ ਮਨਾਇਆ ਜਾਵੇਗਾ। ਸਾਡਾ ਮੰਤਵ ਹੈ ਕਿ ਸੰਗਤਾਂ ਨੂੰ ਜਾਗਰੂਕ ਕੀਤਾ ਜਾਵੇ ਕਿ ਇਤਿਹਾਸਕ ਸਰੋਤਾਂ ਅਤੇ ਵਿਦਵਾਨਾਂ ਦੀ ਖੋਜ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਦਾ ਅਸਲ ਪ੍ਰਕਾਸ਼ ਦਿਹਾੜਾ ਵੈਸਾਖ (ਪਹਿਲੀ) ਨੂੰ ਪ੍ਰਚਲੱਤ ਕੀਤਾ ਜਾਵੇ। ਇਤਿਹਾਸ ਅਤੇ ਗੁਰਮਤਿ ਦੀਆਂ ਵਿਚਾਰਾਂ ਸਾਂਝੀਆਂ ਕਰਨ ਲਈ ਕੁਝ ਵਿਦਵਾਨ ਪਹੁੰਚ ਰਹੇ ਹਨ। ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਸਮਾਗਮ ਵਿੱਚ ਪਹੁੰਚ ਕੇ ਲਾਹਾ ਪ੍ਰਾਪਤ ਕਰੋ।


Atinder pal Singh Khalistani | Moninder Singh | Parminder Kaur

ਸਮਾਂ ਅਤੇ ਅਸਥਾਨ

13 ਅਪ੍ਰੈਲ, 2025, ਦਿਨ ਐਤਵਾਰ

ਸਮਾਂ 10:00 ਵਜੇ ਸਵੇਰ ਤੋਂ, 3:00 ਵਜੇ (ਬਾਅਦ ਦੁਪਹਿਰ) ਤੱਕ

8388-128 ਸਟਰੀਟ, ਸਰੀ, ਬੀ.ਸੀ. (ਗਰੈਂਡ ਤਾਜ਼ ਬੈਂਕੁਇਟ ਹਾਲ)

ਦੁਪਹਿਰ ਦੇ ਭੋਜਨ ਦਾ ਖਾਸ ਪ੍ਰਬੰਧ ਹੋਵਗਾ।

ਹੋਰ ਜਾਣਕਾਰੀ ਲਈ ਫੋਨ :

| ਡਾਕਟਰ ਜਗਜੀਤ ਸਿੰਘ | ਸਤਨਾਮ ਸਿੰਘ ਜੌਹਲ | ਜਸਬੀਰ ਸਿੰਘ ਗੰਦਮ | ਪੂਰਨ ਸਿੰਘ (ਡਾਕਟਰ) |
| --- | --- | --- | --- |
| 778-802-4304 | 604-307-3800 | 604-723-5844 | 778-998-5733 |

ਅਸੀਂ ਤੁਹਾਡੇ ਵਲੋਂ ਮਿਲੇ ਸਹਿਯੋਗ ਦਾ ਦਿਲੀ ਧੰਨਵਾਦੀ ਹੋਵਾਂਗੇ।

# ਵੈਨਕੂਵਰ ਵਿਚ ਮਹਾਨ ਨਗਰ ਕੀਰਤਨ 12 ਅਪ੍ਰੈਲ ਨੂੰ

**ਸਰੀ, (ਸਿਮਰਨਜੀਤ ਸਿੰਘ):** ਖ਼ਾਲਸਾ ਦੇ ਦਿਵਸ ਵਿਸਾਖੀ ਨੂੰ ਸਮਰਪਿਤ ਵੈਨਕੂਵਰ ਵਿੱਚ ਵਿਸ਼ੇਸ਼ ਨਗਰ ਕੀਰਤਨ 12 ਅਪ੍ਰੈਲ, 2025 ਦਿਨ ਸ਼ਨੀਵਾਰ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਨਗਰ ਕੀਰਤਨ ਦਾ ਪ੍ਰਬੰਧ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵਲੋਂ ਸਥਾਨਕ ਸੰਗਤ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ।

ਇਸ ਮੌਕੇ ਸਵੇਰ 8:00 ਵਜੇ ਇਲਾਹੀ ਕੀਰਤਨ ਹੋਣਗੇ ਅਤੇ 10:45 ਵਜੇ ਅਰਦਾਸ ਤੋਂ ਬਾਅਦ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਦੀ ਅਰੰਭਤਾ 10:45 ਵਜੇ ਹੋਵੇਗੀ।

ਇਨ੍ਹਾਂ ਮੌਕੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਰਿਕਾਰਡ ਸੰਗਤਾਂ ਵਲੋਂ ਹਾਜ਼ਰੀ ਭਰ ਦੀ ਉਮੀਦ ਕੀਤੀ ਜਾ ਰਹੀ ਹੈ ਜਿਸ ਦੇ ਮੱਦੇਨਜ਼ਰ ਸੁਰੱਖਿਆ ਪੁਖਤਾ ਪ੍ਰਬੰਧ ਕੀਤੇ ਗਏ ਹਨ। ਨਗਰ ਕੀਰਤਨ ਵਿਚ ਵਿਦਿਆਰਥੀ, ਗੁਰਮਤਿ ਸਕੂਲਾਂ ਅਤੇ ਸਿੱਖ ਸੰਸਥਾਵਾਂ ਵੱਲੋਂ ਵਿਸ਼ੇਸ਼ ਝਲਕੀਆਂ ਅਤੇ ਗਤਕੇ ਦੇ ਕੌਤਕ ਵਿਖਾਏ ਜਾਣਗੇ। ਪ੍ਰਬੰਧਕਾਂ ਵਲੋਂ ਇਕ ਪ੍ਰੈਸ ਕਾਨਫਰੰਸ ਦੌਰਾਨ ਨਗਰ ਕੀਰਤਨ ਦੀਆਂ ਤਿਆਰੀਆਂ ਸਬੰਧੀ ਜਾਣਕਾਰੀ ਦਿੱਤੀ ਤੇ ਇਸ ਵਿਚ ਸ਼ਾਮਿਲ ਹੋਣ ਵਾਲੀਆਂ ਸੰਗਤਾਂ ਨੂੰ ਪੂਰੀ ਸ਼ਰਧਾ ਅਤੇ ਅਨੁਸ਼ਾਸ਼ਨ ਬਣਾਈ ਰੱਖਣ ਦੀ ਅਪੀਲ ਵੀ ਕੀਤੀ ਗਈ।

# ਸਰੀ ਵਿਚ ਮਹਾਨ ਨਗਰ ਕੀਰਤਨ 19 ਅਪ੍ਰੈਲ ਨੂੰ

**ਸਰੀ, (ਸਿਮਰਨਜੀਤ ਸਿੰਘ):** ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਰੀ ਦਾ ਨਗਰ ਕੀਰਤਨ ਇਸ ਵਾਰ 19 ਅਪ੍ਰੈਲ ਦਿਨ ਸਨੀਵਾਰ ਨੂੰ ਆਯੋਜਿਤ ਕੀਤਾ ਜਾ ਰਿਹਾ ਹੈ। ਸਰੀ 'ਚ ਆਯੋਜਿਤ ਕੀਤਾ ਜਾਣ ਵਾਲਾ ਨਗਰ ਕੀਰਤਨ ਦੁਨੀਆ ਭਰ ਦੇ ਸਭ ਤੋਂ ਵੱਡੇ ਨਗਰ ਕੀਰਤਨਾਂ ਵਲੋਂ ਇੱਕ ਹੈ ਜਿਥੇ ਇਸ ਵਾਰ 6 ਲੱਖ ਤੋਂ ਵੱਧ ਸੰਗਤਾਂ ਦੇ ਸ਼ਾਮਲ ਹੋਣ ਦੀ ਉਮੀਦ ਜਤਾਈ ਜਾ ਰਹੀ ਹੈ।

ਸਰੀ ਵਿਚ ਵਿਸ਼ਵ ਦਾ ਇਹ ਸਭ ਤੋਂ ਵੱਡਾ ਨਗਰ ਕੀਰਤਨ 1699 ਵਿੱਚ ਖਾਲਸਾ ਪੰਥ ਦੀ ਸਿਰਜਣਾ ਅਤੇ ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ ਹੁੰਦਾ ਹੈ।

ਪ੍ਰਬੰਧਕੀ ਕਮੇਟੀ ਵਲੋਂ ਇਥੇ ਇਕ ਪ੍ਰੈਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰਾਂ ਇਹ ਨਗਰ ਕੀਰਤਨ ਗੁਰਦੁਆਰਾ ਦਸਮੇਸ਼ ਦਰਬਾਰ 12885 85 ਐਵੇਨਿਊ ਤੋਂ ਸ਼ੁਰੂ ਹੋ ਕੇ 124 ਸਟਰੀਟ ਦੇ ਨਾਲ, 75 ਐਵੇਨਿਊ, 76 ਐਵੇਨਿਊ, 128 ਸਟਰੀਟ ਅਤੇ ਵਾਪਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਵੇਗਾ। ਮੁੱਖ ਸਟੇਜ 129 ਸਟਰੀਟ ਤੇ 76 ਐਵਨਿਊ ਤੇ ਸੱਜਣਗੀਆਂ।

ਇਹ ਨਗਰ ਕੀਰਤਨ ਪਿਛਲੇ ਤਿੰਨ ਦਹਾਕਿਆਂ ਤੋਂ ਨਿਊਟਨ ਵਿੱਚ ਹਰ ਸਾਲ ਆਯੋਜਿਤ ਕੀਤਾ ਜਾਂਦਾ ਹੈ। ਕੋਵਿਡ-19 ਮਹਾਂਮਾਰੀ ਦੇ ਕਾਰਨ ਤਿੰਨ ਸਾਲ 2020, 2021 ਅਤੇ 2022 ਨੂੰ ਨਗਰ ਕੀਰਤਨ ਰੱਦ ਕਰ ਦਿੱਤਾ ਗਿਆ ਸੀ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਗੁਰਦੁਆਰਾ ਦਸਮੇਸ਼ ਦਰਬਾਰ ਸਰੀ ਵਲੋਂ ਇਹ ਨਗਰ ਕੀਰਤਨ ਵਿਸਾਖੀ ਦਿਹਾੜੇ ਉਪਰ 1979 ਤੋਂ ਆਯੋਜਿਤ ਕੀਤਾ ਜਾ ਰਿਹਾ ਹੈ ਜਦੋਂ ਕਿ ਸਰੀ ਵਿੱਚ 1998 ਤੋਂ ਇਸਦਾ ਆਯੋਜਨ ਦਸਮੇਸ਼ ਦਰਬਾਰ ਸਰੀ ਵਲੋਂ ਕੀਤਾ ਜਾ ਰਿਹਾ ਹੈ। ਇਸ ਮੌਕੇ ਸਥਾਨਕ ਵਸਨੀਕਾਂ ਅਤੇ ਵਪਾਰੀ ਸੰਸਥਾਵਾਂ ਵੱਲੋਂ ਮਿਠਿਆਈਆਂ, ਪੀਜ਼ੇ, ਚਾਹ-ਪਕੌੜੇ ਅਤੇ ਠੰਡੇ ਪਾਣੀ ਦੀਆਂ ਛਬੀਲਾਂ ਅਤੇ ਹੋਰ ਲੰਗਰ ਦੀਆਂ ਸੇਵਾਵਾਂ ਲਗਾਤਾਰ ਜਾਰੀ ਰਹਿਣਗੀਆਂ।

ਨੇੜੇ ਸ਼ਹਿਰਾਂ ਤੋਂ ਆਉਣ ਵਾਲੀਆਂ ਸੰਗਤਾਂ ਨੂੰ ਪ੍ਰਬੰਧਕਾਂ ਨੇ ਬੇਨਤੀ ਕੀਤੀ ਕਿ ਪਾਰਕਿੰਗ ਦੀ ਘਾਟ ਦੇ ਚਲਦਿਆਂ ਟਰਾਂਜ਼ਿਟ ਰਾਹੀਂ ਉਹ ਨਗਰ ਕੀਰਤਨ 'ਚ ਸ਼ਾਮਲ ਹੋਣ ਨੂੰ ਤਰਜੀਹ ਦਿੱਤੀ ਜਾਵੇ। ਪ੍ਰਬੰਧਕਾਂ ਵਲੋਂ ਇਕ ਪ੍ਰੈਸ ਕਾਨਫਰੰਸ ਦੌਰਾਨ ਨਗਰ ਕੀਰਤਨ ਦੀਆਂ ਤਿਆਰੀਆਂ ਸਬੰਧੀ ਜਾਣਕਾਰੀ ਦਿੱਤੀ ਤੇ ਇਸ ਵਿਚ ਸ਼ਾਮਿਲ ਹੋਣ ਵਾਲੀਆਂ ਸੰਗਤਾਂ ਨੂੰ ਪੂਰੀ ਸ਼ਰਧਾ ਅਤੇ ਅਨੁਸ਼ਾਸ਼ਨ ਬਣਾਈ ਰੱਖਣ ਦੀ ਅਪੀਲ ਕੀਤੀ। This report was written by Simranjit Singh as part of the Local Journalism Initiative.

# ਟੈਰਿਫ਼ਜ਼ ਕਾਰਨ ਡੈਲਟਾ ਏਅਰ ਲਾਈਨਜ਼ ਦੀਆਂ ਟਿਕਟਾਂ ਦੀ ਵਿਕਰੀ 'ਚ ਵੱਡੀ ਗਿਰਾਵਟ




ਸਰੀ, (ਸਿਮਰਨਜੀਤ ਸਿੰਘ): ਡੈਲਟਾ ਏਅਰ ਲਾਈਨਜ਼ ਨੇ ਕੈਨੇਡਾ ਤੋਂ ਯਾਤਰੀਆਂ ਦੀ ਘਟਦੀ ਮੰਗ ਦੇ ਮੱਦੇਨਜ਼ਰ ਇੱਥੋਂ ਆਪਣੀ ਉਡਾਣ ਸੇਵਾ 'ਚ ਕਟੌਤੀ ਕਰਨ ਦੀ ਸੰਭਾਵਨਾ ਜਤਾਈ ਹੈ। ਕੰਪਨੀ ਦੇ ਪ੍ਰਧਾਨ ਗਲੇਨ ਹੇਲੇਨਸਟਾਈਨ ਨੇ ਕਿਹਾ ਕਿ 2025 ਦੀ ਪਹਿਲੀ ਤਿਮਾਹੀ ਦੌਰਾਨ ਕੈਨੇਡਾ ਤੋਂ ਬੁਕਿੰਗ ਵਿੱਚ "ਵੱਡੀ ਗਿਰਾਵਟ" ਆਈ ਹੈ।

ਹੇਲੇਨਸਟਾਈਨ ਨੇ ਨਿਵੇਸ਼ਕਾਂ ਨਾਲ ਇਕ ਕਾਨਫਰੰਸ ਕਾਲ ਦੌਰਾਨ ਕਿਹਾ "ਕੈਨੇਡਾ ਵਿੱਚ ਸਾਨੂੰ ਬੁਕਿੰਗ 'ਚ ਵੱਡੀ ਗਿਰਾਵਟ ਦਾ ਸਾਹਮਣਾ ਕਰਨਾ ਪਿਆ ਹੈ। ਮੈਕਸੀਕੋ ਦੀ ਗੱਲ ਕਰੀਏ ਤਾਂ ਉਥੇ ਵੀ ਮਿਲੀ-ਜੁਲੀ ਤਸਵੀਰ ਹੈ" ਉਨ੍ਹਾਂ ਕਿਹਾ ਕਿ, "ਅਸੀਂ ਇਨ੍ਹਾਂ ਹਾਲਾਤਾਂ ਵਿਚੋਂ ਰਾਹ ਕੱਢਣ ਦੀ ਕੋਸ਼ਿਸ਼ ਕਰ ਰਹੇ ਹਾਂ ਪਰ ਕੈਨੇਡਾ ਅਤੇ ਮੈਕਸੀਕੋ ਦੀਆਂ ਉਡਾਣਾਂ 'ਚ ਕਟੌਤੀ ਕਰਨੀ ਪਵੇਗੀ।" ਇਹ ਟਿੱਪਣੀਆਂ ਡੈਲਟਾ ਦੇ ਤਾਜ਼ਾ ਮਾਲੀ ਨਤੀਜਿਆਂ ਦੀ ਰਿਪੋਰਟ ਦੇਣ ਤੋਂ ਬਾਅਦ ਆਈਆਂ, ਜਿਸ 'ਚ ਕੰਪਨੀ ਨੇ ਅੱਗੇ ਲਈ ਆਪਣਾ ਮਾਲੀ ਅਨੁਮਾਨ ਮੁਅੱਤਲ ਕਰ ਦਿੱਤਾ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਗਾਏ ਗਏ ਟੈਰਿਫ਼ ਤੇ ਵਪਾਰਕ ਯੁੱਧ ਇਸਦਾ ਮੁੱਖ ਕਾਰਨ ਦੱਸਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਡੈਲਟਾ ਏਅਰਲਾਈਨ ਵਲੋਂ ਮੋਂਟਰੀਅਲ, ਟੋਰਾਂਟੋ, ਵੈਨਕੂਵਰ, ਕਿਉਬੈਕ ਸਿਟੀ ਤੇ ਹੈਲਿਫੈਕਸ ਤੋਂ ਉਡਾਨਾਂ ਜਾਰੀ ਹਨ ਪਰ ਇਹ ਫਿਲਹਾਲ ਇਹ ਸਾਫ ਨਹੀਂ ਹੋਇਆ ਕਿ ਕਟੌਤੀ ਕਿਹੜੀਆਂ ਉਡਾਣਾਂ ਉੱਤੇ ਹੋਵੇਗੀ।

ਡੈਲਟਾ ਦੇ ਸੀਈਓ ਐਡ ਬਾਸਟੀਅਨ ਨੇ ਕਿਹਾ ਕਿ ਟੈਰਿਫ਼ਾਂ ਕਾਰਨ ਕੰਪਨੀ ਉਡਾਣਾਂ ਦੀ ਸੰਖਿਆ ਘਟਾ ਰਹੀ ਹੈ ਅਤੇ ਨਵੇਂ ਜਹਾਜ਼ਾਂ ਦੀ ਡਿਲੀਵਰੀ ਵੀ ਰੋਕੀ ਜਾ ਸਕਦੀ ਹੈ। ਦੂਜੇ ਪਾਸੇ, ਏਅਰ ਕੈਨੇਡਾ, ਵੈਸਟਜੈੱਟ, ਫਲੇਅਰ ਏਅਰਲਾਈਨਜ਼ ਤੇ ਏਅਰ ਟਰਾਂਸੈਟ ਵਰਗੀਆਂ ਕੰਪਨੀਆਂ ਵੀ ਅਮਰੀਕਾ ਲਈ ਆਪਣੀਆਂ ਸੇਵਾਵਾਂ ਘਟਾ ਰਹੀਆਂ ਹਨ। This report was written by Simranjit Singh as part of the Local Journalism Initiative.

GURTAJ SAMRA
PERSONAL REAL ESTATE CORPORATION
ਕੀ ਤੁਸੀਂ ਨਵਾਂ ਘਰ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
ਨਵਾਂ ਘਰ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
RESIDENTIAL, COMMERCIAL
SALES & LEASING
GURTAJ SAMRA 778-869-0607
ASSOCIATE 778-564-3300
gurtaj@mainlandcommercial.com | www.maillandcommercial.com
105 - 7928 128nd Street Surrey, BC V3W 4E8



A TO Z DRIVING SCHOOL
SO EASY



ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ
AIR BRAKE CLASS
ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ
ਕਲਾਸ ਵਨ ਦਾ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ
ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।
ਵਾਜਬ ਰੇਟ ਅਤੇ ਵਧੀਆ ਸਰਵਿਸ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ
ਲੱਕੀ ਸੇਖੋਂ 604 614 5365

FAST COMPUTER REPAIR
New Web Designing & Hosting Services



Onsite Service Available
Computer Repair & Upgrade
Spyware & Virus Removal
Same Day Service



Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444

# ਡੈਲਟਾ ਪਹੁੰਚੇ ਮਾਰਕ ਕਾਰਨੀ ਦੀ ਚੋਣ ਰੈਲੀ ਦੌਰਾਨ ਮੈਸੀ ਟਨਲ ਦੇ ਹੱਲ ਮੁੱਦਾ ਭਖਿਆ

## ਪ੍ਰੀ-ਫੈਬਰੀਕੇਟਡ ਹਾਊਸਿੰਗ ਉਦਯੋਗ ਲਈ $25 ਬਿਲੀਅਨ ਤੱਕ ਦੀ ਫੰਡਿੰਗ ਉਪਲਬਧ ਕਰਵਾਏਗੀ ਲਿਬਰਲ ਸਰਕਾਰ : ਮਾਰਕ ਕਾਰਨੀ

**ਸਰੀ, (ਸਿਮਰਨਜੀਤ ਸਿੰਘ):** ਲਿਬਰਲ ਆਗੂ ਮਾਰਕ ਕਾਰਨੀ ਬੀਤੇ ਮੰਗਲਵਾਰ ਡੈਲਟਾ ਵਿੱਚ ਚੋਣ ਪ੍ਰਚਾਰ ਲਈ ਪਹੁੰਚੇ। ਚੋਣ ਰੈਲੀ ਦੌਰਾਨ ਹਾਈਵੇ 99 'ਤੇ ਸਥਿਤ ਜੌਰਜ ਮੈਸੀ ਟਨਲ ਦਾ ਮੁੱਦਾ ਕਾਫੀ ਭੱਖ ਗਿਆ ਜਿਸ ਤੋਂ ਬਾਅਦ ਕਾਰਨੀ ਨੇ ਕਿਹਾ ਕਿ ਉਹ ਬੀ.ਸੀ. ਦੇ ਮੁਖ ਮੰਤਰੀ ਡੇਵਿਡ ਈਬੀ ਨਾਲ ਸਹਿਯੋਗ ਦੀ ਉਮੀਦ ਕਰਦੇ ਹਨ, ਤਾਂ ਜੋ ਹਾਈਵੇ 99 'ਤੇ ਸਥਿਤ ਜੌਰਜ ਮੈਸੀ ਟਨਲ ਦੀ ਬਦਲੀ ਸੰਭਵ ਹੋ ਸਕੇ।




ਕਾਰਨੀ ਨੇ ਇਹ ਗੱਲ ਟਿਲਬਰੀ ਇਲਾਕੇ ਵਿਚ ਸਥਿਤ ਇੰਟੈਲੀਜੈਂਟ ਸਿਟੀ ਕੰਪਨੀ ਵਿੱਚ ਹੋਈ ਪ੍ਰੈਸ ਕਾਨਫਰੰਸ ਦੌਰਾਨ ਕੀਤੀ।

ਕਾਰਨੀ ਦੇ ਨਾਲ ਲਿਬਰਲ ਉਮੀਦਵਾਰ ਜਿਲ ਮੈਕਨਾਈਟ ਅਤੇ ਰਣਦੀਪ ਸਰਾਏ ਅਤੇ ਹੋਰ ਲੋਅਰ ਮੈਨਲੈਂਡ ਤੋਂ ਉਮੀਦਵਾਰ ਵੀ ਮੌਜੂਦ ਸਨ। ਉਨ੍ਹਾਂ ਨੇ ਲੰਮੇ ਸਮੇਂ ਤੋਂ ਲਟਕ ਰਹੀ ਘਰਾਂ ਦੀ ਘਾਟ ਦੀ ਸਮੱਸਿਆ ਨੂੰ ਹੱਲ ਕਰਨ ਲਈ ਆਪਣੀ ਪਾਰਟੀ ਦੇ ਨਵੇਂ ਆਵਾਸ ਯੋਜਨਾ ਦੀ ਸੰਖੇਪ ਜਾਣਕਾਰੀ ਸਾਂਝੀ ਕੀਤੀ ਜੋ 31 ਮਾਰਚ ਨੂੰ ਜਾਰੀ ਕੀਤੀ ਗਈ ਸੀ।

ਕਾਰਨੀ ਨੇ ਕਿਹਾ, "ਜਦੋਂ ਅਮਰੀਕਾ ਸਰਕਾਰ ਕੈਨੇਡਾ ਦੀ ਉੱਚ-ਗੁਣਵੱਤਾ ਵਾਲੀ ਲੱਕੜ 'ਤੇ ਟੈਕਸ ਵਧਾ ਰਿਹਾ ਹੈ, ਅਸੀਂ ਉਸੇ ਲੱਕੜ ਦੀ ਵਰਤੋਂ ਕਰਕੇ ਇੱਥੇ ਘਰ ਬਣਾਵਾਂਗੇ। ਇਸ ਨਾਲ ਨੌਕਰੀਆਂ ਵਧਣਗੀਆਂ, ਆਰਥਿਕਤਾ ਮਜ਼ਬੂਤ ਹੋਵੇਗੀ ਅਤੇ ਲੋਕਾਂ ਲਈ ਘਰ ਖਰੀਦਣਾ ਸੌਖਾ ਹੋਵੇਗਾ।" ਉਨ੍ਹਾਂ ਨੇ ਕਿਹਾ ਕਿ ਇਹ ਦੂਜੀ ਵਿਸ਼ਵ ਯੁੱਧ ਤੋਂ ਬਾਅਦ ਦੀ ਸਭ ਤੋਂ ਵੱਡੀ ਆਵਾਸ ਯੋਜਨਾ ਹੋਣੀ ਹੈ। "ਅਸੀਂ ਘਰ ਬਣਾਕੇ ਹੀ ਹਾਊਸਿੰਗ ਸੰਕਟ ਤੋਂ ਨਿਕਲਾਂਗੇ। ਇਹ ਸਾਡੀ ਆਰਥਿਕਤਾ ਲਈ ਵੀ ਜ਼ਰੂਰੀ ਹੈ।"

ਕਾਰਨੀ ਨੇ ਐਲਾਨ ਕੀਤਾ ਕਿ ਲਿਬਰਲ ਪਾਰਟੀ "ਬਿਲਡ ਕੈਨੇਡਾ ਹੋਮਜ਼" ਨਾਮਕ ਇੱਕ ਨਵੀਂ ਸਰਕਾਰੀ ਏਜੰਸੀ ਬਣਾਏਗੀ ਜੋ ਪਬਲਿਕ ਜਮੀਨਾਂ 'ਤੇ ਵਧੀਆ ਰਿਹਾਇਸ਼ੀ ਘਰ ਬਣਾਏਗੀ ਅਤੇ ਕੈਨੇਡਾ ਦੇ ਪ੍ਰੀ-ਫੈਬਰੀਕੇਟਡ ਹਾਊਸਿੰਗ ਉਦਯੋਗ ਲਈ $25 ਬਿਲੀਅਨ ਤੱਕ ਦੀ ਫੰਡਿੰਗ ਉਪਲਬਧ ਕਰਵਾਏਗੀ।

ਉਨ੍ਹਾਂ ਕਿਹਾ, "ਮਾਡਯੂਲਰ ਅਤੇ ਪ੍ਰੀ-ਫੈਬਰੀਕੇਟਡ ਘਰ ਆਉਣ ਵਾਲੇ ਸਮੇਂ ਦੀ ਲੋੜ ਹਨ। ਇਹ ਘਰ ਬਣਾਉਣ ਦਾ ਸਮਾਂ 50% ਘਟਾ ਸਕਦੇ ਹਨ, ਲਾਗਤ 20% ਅਤੇ ਉਤਸਰਜਨ ਵੀ 20% ਘਟ ਸਕਦੇ ਹਨ।"

ਕਾਰਨੀ ਨੇ ਦੱਸਿਆ ਕਿ ਇੰਟੈਲੀਜੈਂਟ ਸਿਟੀ ਵਰਗੀਆਂ ਕੰਪਨੀਆਂ, ਜੋ ਮਾਸ ਟਿੰਬਰ ਦੀ ਵਰਤੋਂ ਕਰਦੀਆਂ ਹਨ, ਇਸ ਨਵੇਂ ਨਿਰਮਾਣ ਦੌਰ ਦੀ ਅਗਵਾਈ ਕਰ ਰਹੀਆਂ ਹਨ ਅਤੇ ਕੈਨੇਡਾ ਨੂੰ ਇਸ ਖੇਤਰ ਵਿੱਚ ਵਿਸ਼ਵ ਪੱਧਰੀ ਲੀਡਰ ਬਣਨ ਦਾ ਮੌਕਾ ਮਿਲ ਰਿਹਾ ਹੈ।

ਪ੍ਰੈਸ ਕਾਨਫਰੰਸ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦਿਆਂ, ਮਾਰਕ ਕਾਰਨੀ ਨੇ ਦੱਸਿਆ ਕਿ ਉਹ ਡੇਵਿਡ ਈਬੀ ਨਾਲ 7 ਅਪ੍ਰੈਲ ਨੂੰ ਹੋਈ ਮੀਟਿੰਗ ਦੌਰਾਨ ਜੌਰਜ ਮੈਸੀ ਟਨਲ ਦੀ ਬਦਲੀ ਅਤੇ ਲੱਕੜ ਦੇ ਐਕਸਪੋਰਟਸ 'ਤੇ ਅਮਰੀਕੀ ਟੈਕਸ ਬਾਰੇ ਵਿਸਥਾਰ ਨਾਲ ਗੱਲ ਕਰ ਚੁੱਕੇ ਹਨ।

ਉਨ੍ਹਾਂ ਕਿਹਾ, "ਇਹ ਮੀਟਿੰਗ ਬਹੁਤ ਹੀ ਰਚਨਾਤਮਕ ਸੀ। ਅਸੀਂ ਨਾਂ ਕੇਵਲ ਲੱਕੜ ਉਤਪਾਦਨ ਅਤੇ ਐਕਸਪੋਰਟ ਨਾਲ ਸਬੰਧਤ ਰਣਨੀਤੀਆਂ ਉੱਤੇ ਗੱਲ ਕੀਤੀ, ਸਗੋਂ ਫੈਡਰਲ ਸਰਕਾਰ ਵੱਲੋਂ ਬੀ.ਸੀ. ਦੇ ਫਾਰੇਸਟਰੀ ਸੈਕਟਰ ਲਈ ਦਿੱਤੇ $20 ਮਿਲੀਅਨ ਫੰਡ ਅਤੇ ਨਵੀਂ ਹਾਊਸਿੰਗ ਯੋਜਨਾ ਵੱਲੋਂ ਆਉਣ ਵਾਲੀ ਮਦਦ 'ਤੇ ਵੀ ਵਿਚਾਰ ਕੀਤਾ।" ਜਦੋਂ ਪੱਤਰਕਾਰਾਂ ਨੇ ਟਨਲ ਪ੍ਰਾਜੈਕਟ ਲਈ ਫੈਡਰਲ ਮਦਦ ਬਾਰੇ ਪੁੱਛਿਆ ਤਾਂ ਕਾਰਨੀ ਨੇ ਪਿਛਲੇ ਮਹੀਨੇ ਉਨ੍ਹਾਂ ਦੀ ਪਾਰਟੀ ਵੱਲੋਂ ਐਲਾਨ ਕੀਤੇ ਗਏ $5 ਬਿਲੀਅਨ ਦੇ "ਟਰੇਡ ਡਾਈਵਰਸੀਫਿਕੇਸ਼ਨ ਕਰੀਡੋਰ ਫੰਡ" ਦੀ ਗੱਲ ਕੀਤੀ, ਜੋ ਪੋਰਟਾਂ, ਰੇਲਵੇ, ਏਅਰਪੋਰਟ ਅਤੇ ਹਾਈਵੇ ਪ੍ਰਾਜੈਕਟਾਂ ਲਈ ਵਰਤਿਆ ਜਾਵੇਗਾ।

ਉਨ੍ਹਾਂ ਕਿਹਾ, "ਮੈਂ ਜਾਣਦਾ ਹਾਂ ਕਿ ਇਥੇ ਆਵਾਜਾਈ ਦੀ ਸਮੱਸਿਆ ਕਿੰਨੀ ਗੰਭੀਰ ਹੈ। ਇਹ ਸਵੇਰੇ ਇੱਥੇ ਆਉਂਦੇ ਸਮੇਂ ਹੀ ਦੇਖਣ ਨੂੰ ਮਿਲ ਗਿਆ। ਪਰ ਅਸੀਂ ਇਹ ਵੀ ਜਾਣਦੇ ਹਾਂ ਕਿ ਇਹ ਮਾਮਲਾ ਤਕਨੀਕੀ ਪੱਧਰ 'ਤੇ ਕਿੰਨਾ ਗੰਭੀਰ ਹੈ। ਇਸ ਲਈ ਅਸੀਂ ਉਹ ਸਾਰੇ ਹਥਿਆਰ ਤਿਆਰ ਕਰ ਰਹੇ ਹਾਂ ਜੋ ਟਨਲ ਅਤੇ ਹੋਰ ਵਿਸ਼ਾਲ ਪ੍ਰਾਜੈਕਟਾਂ ਨੂੰ ਅੱਗੇ ਵਧਾ ਸਕਣ।" ਉਨ੍ਹਾਂ ਅੰਤ ਵਿੱਚ ਕਿਹਾ, "ਮੈਂ ਉਮੀਦ ਰੱਖਦਾ ਹਾਂ ਕਿ ਮੁਖ ਮੰਤਰੀ ਈਬੀ ਨਾਲ ਮੇਰੀ ਬਹੁਤ ਹੀ ਪ੍ਰਭਾਵਸ਼ਾਲੀ ਸਾਂਝ ਬਣੇਗੀ ਜੋ ਸਾਡੀਆਂ ਨੀਤੀਆਂ ਨੂੰ ਅਮਲ 'ਚ ਲਿਆਉਣ ਵਿੱਚ ਮਦਦ ਕਰੇਗੀ।"

This report was written by Simranjit Singh as part of the Local Journalism Initiative.

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
- ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
- ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
- ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
- ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।
ਸਾਡਾ ਐਡਰੈੱਸ ਨੋਟ ਕਰੋ
3200 George Ferguson Way #3, Abbotsford B.C. V2T 4C8
604-864-8803
Surrey (Kwantlen Square)
Unit # 105, 12568-72 Ave, Surrey
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
EYE GLASSES
CONTACT LENSES
SUNGLASSES



BHUPINDER OBEROI
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
FREE
SIGHT TEST

ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
MONEY
BACK LIFE
INSURANCE



- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈਂਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.




# ਵਿਸਾਖੀ, ਖ਼ਾਲਸਾ ਜੀਵਨ ਦਾ ਇਨਕਲਾਬੀ ਦਿਹਾੜਾ

ਇਤਿਹਾਸ ਦੇ ਪੰਨਿਆਂ ਅਨੁਸਾਰ ਪਤਾ ਲੱਗਦਾ ਹੈ ਕੇ ਸਿੱਖ ਦੋਖੀ ਸੋਚ ਨੇ ਹਮੇਸ਼ਾਂ ਸਿੱਖੀ ਵਿੱਚ ਦੁਬਿਧਾ ਖੜੀ ਰੱਖਣ ਅਤੇ ਗੁਰੂ ਵਿਸ਼ਵਾਸ਼ ਨੂੰ ਭਰਮਾਂ ਵਿੱਚ ਪਾਉਣ ਲਈ ਗੁਰੂ ਦੇ ਬਰਾਬਰ ਮੰਜੀਆਂ ਬਣਾਈ ਰੱਖਣ ਦੀ ਕੋਸ਼ਿਸ਼ ਜਾਰੀ ਰੱਖੀ ਅਤੇ ਹੁਣ ਵੀ ਰੱਖ ਰਹੀ ਹੈ। ਇਸ ਲਈ ਅਕਸਰ ਘਰ ਵਿੱਚੋਂ ਹੀ ਗੁਰੂ ਅੰਸ਼ ਬੰਸ ਨਾਲ ਸਬੰਧਿਤ ਹਮਲਾਵਰ ਨਾਮ ਪੈਦਾ ਕੀਤੇ ਗਏ। ਸ੍ਰੀ ਚੰਦ, ਦਾਤੂ, ਦਾਸੂ, ਪ੍ਰਿਥੀ ਚੰਦ ਮੇਹਰਵਾਨ, ਧੀਰ ਮੱਲ, ਰਾਮ ਰਾਏ ਆਦਿ, ਬਾਈ ਮੰਜੀਆਂ ਅਤੇ ਹੁਣ ਇਕ ਮਨ ਮੱਤੀ ਗ੍ਰੰਥ ਨਾਲ ਦਸਮ ਪਾਤਸ਼ਾਹ ਜੀ ਦਾ ਨਾਮ ਇਸੇ ਸੋਚ ਦੀ ਪੈਦਾਵਾਰ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਏਹੋ ਦੇਖ ਕੇ ਦੇਹਧਾਰੀ ਗੁਰੂ ਪ੍ਰੰਪਰਾ ਬੰਦ ਕਰਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੱਦੀ ਦੇਣ ਦਾ ਫੈਸਲਾ ਕੀਤਾ ਸੀ। ਪਰ ਜਦੋਂ ਦੇਹਧਾਰੀ ਗੁਰੂ ਪ੍ਰੰਪਰਾ ਖਤਮ ਕਰਨੀ ਸੀ, ਇਸੇ ਲਈ ਨੌਂ ਸਾਲ ਪਹਿਲਾਂ ਹੀ ਵਿਸਾਖੀ ਦੇ ਦਿਹਾੜੇ, ਖੰਡੇ ਦੀ ਪਾਹੁਲ ਬਖਸ਼ ਕੇ ਖ਼ਾਲਸਾ ਸਾਜਨ ਦੀ ਪ੍ਰਥਾ ਚਲਾਈ ਅਤੇ ਅਪਣੇ ਤੋਂ ਬਾਅਦ ਖ਼ਾਲਸੇ ਨੂੰ ਇਕੋ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਕਰ ਦਿੱਤਾ ''ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ''।

ਸੋ ਵਿਸਾਖੀ ਦਾ ਦਿਹਾੜਾ, ਖ਼ਾਲਸੇ ਦਾ ਸ਼ਬਦ ਵਿਚੋਂ ਜਨਮ ਲੈ ਕੇ ਸ਼ਬਦ ਦੀ ਤਾਬਿਆ ਜੀਵਨ ਦੇ ਪ੍ਰਣ ਲੈਣ ਦਾ ਇਕ ਇਨਕਲਾਬੀ ਦਿਹਾੜਾ ਹੈ।

ਪੰਜਾਬ ਵਿੱਚ ਵਿਸਾਖੀ ਮਨਾਉਣ ਦੀ ਪਿਰਤ ਗੁਰੂ ਅਮਰ ਦਾਸ ਜੀ ਦੇ ਸਮੇਂ ਭਾਈ ਪਾਰੋ ਨੇ ਸ਼ੁਰੂ ਕੀਤੀ ਸੀ। ਭਾਈ ਪਾਰੋ ਮੁੱਢ ਵਿੱਚ ਗੁਰੂ ਅੰਗਦ ਦੇਵ ਜੀ ਦਾ ਸੇਵਕ ਬਣਿਆ ਸੀ ਤੇ ਫਿਰ ਉਹਨਾ ਤੋਂ ਬਾਅਦ ਗੁਰੂ ਅਮਰ ਦਾਸ ਜੀ ਦੀ ਵੀ ਏਨੀ ਸੇਵਾ ਕੀਤੀ ਕਿ ਤੀਜੇ ਗੁਰੂ ਸਾਹਿਬ ਨੇ ਉਸ ਨੂੰ 'ਪਰਮਹੰਸ. ਕਹਿ ਕੇ ਵਡਿਆਇਆ ਸੀ। ਜਦੋਂ ਮਸੰਦ ਦੀ ਪ੍ਰਥਾ ਸ਼ੁਰੂ ਕੀਤੀ ਗਈ ਤਾਂ ਭਾਈ ਪਾਰੋ ਨੂੰ ਵੀ ਇੱਕ 'ਮੰਜੀ. ਬਖਸ਼ੀ ਗਈ ਸੀ। ਉਹ

ਪੰਜਾਬ ਵਿੱਚ ਵਿਸਾਖੀ ਮਨਾਉਣ ਦੀ ਪਿਰਤ ਗੁਰੂ ਅਮਰ ਦਾਸ ਜੀ ਦੇ ਸਮੇਂ ਭਾਈ ਪਾਰੋ ਨੇ ਸ਼ੁਰੂ ਕੀਤੀ ਸੀ। ਭਾਈ ਪਾਰੋ ਮੁੱਢ ਵਿੱਚ ਗੁਰੂ ਅੰਗਦ ਦੇਵ ਜੀ ਦਾ ਸੇਵਕ ਬਣਿਆ ਸੀ ਤੇ ਫਿਰ ਉਹਨਾ ਤੋਂ ਬਾਅਦ ਗੁਰੂ ਅਮਰ ਦਾਸ ਜੀ ਦੀ ਵੀ ਏਨੀ ਸੇਵਾ ਕੀਤੀ ਕਿ ਤੀਜੇ ਗੁਰੂ ਸਾਹਿਬ ਨੇ ਉਸ ਨੂੰ 'ਪਰਮਹੰਸ. ਕਹਿ ਕੇ ਵਡਿਆਇਆ ਸੀ। ਜਦੋਂ ਮਸੰਦ ਦੀ ਪ੍ਰਥਾ ਸ਼ੁਰੂ ਕੀਤੀ ਗਈ ਤਾਂ ਭਾਈ ਪਾਰੋ ਨੂੰ ਵੀ ਇੱਕ 'ਮੰਜੀ. ਬਖਸ਼ੀ ਗਈ ਸੀ। ਉਹ ਉਸ ਦੌਰ ਦੇ ਮਸੰਦਾਂ ਵਿੱਚੋਂ ਸੀ, ਜਿਹੜੇ ਅਜੇ ਕੁਰਾਹੇ ਨਹੀਂ ਸਨ ਪਏ ਤੇ ਸਿੱਖ ਸਿਧਾਂਤ ਦੇ ਤਨੋ-ਮਨੋ ਪ੍ਰਚਾਰਕ ਹੁੰਦੇ ਸਨ। ਇਸੇ ਭਾਈ ਪਾਰੋ 'ਪਰਮਹੰਸ. ਨੇ ਗੁਰੂ ਅਮਰ ਦਾਸ ਜੀ ਦੀ ਆਗਿਆ ਨਾਲ ਵਿਸਾਖੀ ਦਾ ਮੇਲਾ ਮਨਾਉਣਾ ਸ਼ੁਰੂ ਕੀਤਾ ਸੀ, ਜਿਹੜਾ ਅੱਜ ਸਾਡੇ ਪੰਜਾਬੀ ਸਮਾਜ ਦਾ ਮਾਣ-ਮੱਤਾ ਤਿਓਹਾਰ ਬਣ ਚੁੱਕਾ ਹੈ।

ਵਿਸਾਖੀ ਦੇ ਇਸ ਦਿਨ ਨਾਲ ਸਮਾਂ ਪਾ ਕੇ 1699 ਦਾ ਉਹ ਇਤਿਹਾਸਕ ਦਿਹਾੜਾ ਜੁੜ ਗਿਆ, ਜਦੋਂ ਦਸਵੇਂ ਗੁਰੂ



ਜੀ ਨੇ ਪੰਜ ਸਿੱਖਾਂ ਦੇ ਸਿਰ ਮੰਗੇ ਤੇ ਉਹਨਾਂ ਮਰਜੀਵੜਿਆਂ ਦੀ ਆਪਾ-ਵਾਰੂ ਮਿਸਾਲ ਨੂੰ ਸਿੱਖਾਂ ਸਾਹਮਣੇ ਪੇਸ਼ ਕਰ ਕੇ ਫਿਰ ਖੰਡੇ ਦੀ ਪਾਹੁਲ ਲਈ ਸੀ।ਖਾਲਸਾ ਕੌਮ ਜਿਸ ਵਿੱਚ ਜਾਤ -ਪਾਤ ਦੀ ਕੋਈ ਥਾਂ ਨਾ ਹੋਵੇ ਅਤੇ ਖਾਲਸਾ ਹਮੇਸ਼ਾਂ ਮੱਨੁਖੀ ਅਧਿਕਾਰਾਂ ਲਈ ਜਾਗਦਾ ਰਹੇ ਅਤੇ ਸਿਰਫ ਇੱਕ ਅਕਾਲ ਪੁਰਖ ਦਾ ਹੁਕਮ ਮੰਨੇ ਅਤੇ ਖਾਲਸਾ ਸ਼ਬਦ ਓਦੋਂ ਤੋਂ ਹੀ ਸ਼ੁਰੂ ਨਹੀਂ ਸੀ ਹੋਇਆ, ਸਗੋਂ ਇਹ ਪਹਿਲਾਂ ਹੋਰ ਪ੍ਰਸੰਗ ਵਿੱਚ ਪ੍ਰਚੱਲਤ ਸੀ। ਪੰਜਾਬ ਵਿੱਚ ਕਈ ਥਾਂ ਜੁੜਵੇਂ ਪਿੰਡ ਹਨ, ਜਿਨ੍ਹਾਂ ਵਿੱਚੋਂ ਇੱਕ ਦੇ ਨਾਂਅ ਨਾਲ ਪਿਛੇਤਰ ਵਜੋਂ 'ਜਾਗੀਰ. ਅਤੇ ਦੂਜੇ ਦੇ ਨਾਂਅ ਨਾਲ 'ਖਾਲਸਾ. ਸ਼ਬਦ ਜੁੜਦਾ ਹੈ, ਜਿਵੇਂ ਦੋਆਬੇ ਦੇ ਪਿੰਡ ਸੰਘੇ ਜਾਗੀਰ ਤੇ ਸੰਘੇ ਖਾਲਸਾ ਹਨ, ਪੱਦੀ ਜਾਗੀਰ ਤੇ ਪੱਦੀ ਖਾਲਸਾ ਵੀ ਹਨ ਤੇ ਉੱਪਲ ਜਾਗੀਰ ਤੇ ਉੱਪਲ ਖਾਲਸਾ ਵੀ ਹਨ। ਅਸਲ ਵਿੱਚ ਉਸ ਤੋਂ ਪਹਿਲਾਂ ਇਹ ਰਵਾਇਤ ਸੀ ਕਿ ਜਿਹੜਾ ਪਿੰਡ ਰਾਜੇ ਦੇ ਫੁਰਮਾਨ ਅਨੁਸਾਰ ਕਿਸੇ ਜਾਗੀਰਦਾਰ ਦੇ ਅਧੀਨ ਹੋਵੇ, ਉਸ ਦੇ ਨਾਂਅ ਨਾਲ 'ਜਾਗੀਰ. ਸ਼ਬਦ ਲਾ ਦਿੱਤਾ ਜਾਂਦਾ ਸੀ ਤੇ ਜਿਹੜਾ ਖਾਲਸ ਰੂਪ ਵਿੱਚ ਸਿੱਧਾ ਰਾਜੇ ਦੇ ਅਧੀਨ ਹੋਵੇ, ਉਸ ਦੇ ਨਾਂਅ ਨਾਲ 'ਖਾਲਸਾ. ਸ਼ਬਦ ਲੱਗ ਜਾਂਦਾ ਸੀ। ਜਦੋਂ ਗੁਰੂ ਜੀ ਨੇ 'ਖਾਲਸਾ. ਸਾਜਿਆ ਤਾਂ ਉਨ੍ਹਾ ਵੀ ਇੱਕ ਤਰ੍ਹਾਂ ਨਾਲ ਅਕਾਲ ਪੁਰਖ ਅਤੇ ਪੁਰਖ (ਇਨਸਾਨ) ਦੇ ਵਿਚਾਲੇ ਵਿਚੋਲਾ ਨਾ ਰੱਖ ਕੇ ਉਸ ਨੂੰ ਸਿੱਧਾ 'ਸਭ ਤੋਂ ਵੱਡੇ ਰਾਜੇ (ਪ੍ਰਮਾਤਮਾ) ਦੇ ਸਿੱਧਾ ਅਧੀਨ. ਹੋਣ ਦੀ ਧਾਰਨਾ ਪੇਸ਼ ਕਰਦੇ ਹੋਏ 'ਖਾਲਸਾ. ਦਾ ਵਿਸ਼ੇਸ਼ਣ ਉਸ ਦੇ ਨਾਂਅ ਨਾਲ ਲਾਇਆ ਸੀ। ਇਹ ਤਰਾਸਦੀ ਹੀ ਹੈ ਕਿ ਜਿਵੇਂ ਪਹਿਲਾਂ ਮਸੰਦ ਤੇ ਫਿਰ ਮਹੰਤ ਮਾੜੇ ਚਾਲਿਆਂ ਨਾਲ ਸਿੱਖਾਂ ਦੇ ਸੂਬੇਦਾਰ ਬਣ ਬੈਠੇ ਸਨ, ਉਵੇਂ ਹੀ ਹੁਣ ਵੀ ਕਈ 'ਸੰਤ. ਅਤੇ 'ਬਾਬੇ. ਵੀ ਉਸੇ ਲੀਹੇ ਪੈ ਗਏ ਹਨ। ਸਿੱਖਾਂ ਦੀ ਵੱਡੀ ਗਿਣਤੀ ਗੁਰੂ ਸਿਧਾਂਤ ਨੂੰ ਪੜ੍ਹਨ ਦੀ ਆਪ ਖੇਚਲ ਨਹੀਂ ਕਰਦੀ ਤੇ ਪੜ੍ਹਿਆ-ਪੜ੍ਹਾਇਆ ਲੈਣ ਲਈ ਜਿਨ੍ਹਾਂ ਸਾਧਾਂ ਦੇ ਦਰਾਂ ਮੂਹਰੇ ਮੱਥੇ ਘਸਾਈ ਜਾਂਦੀ ਹੈ, ਉਹ ਸਿੱਖਾਂ ਨੂੰ ਇਹ ਜਾਨਣ ਹੀ ਨਹੀਂ ਦੇਣਾ ਚਾਹੁੰਦੇ ਕਿ ਗੁਰੂ ਦੀ ਸਿੱਖਿਆ ਅਸਲ ਵਿੱਚ ਹੈ ਕੀ? ਇਹੋ ਕਾਰਨ ਹੈ ਕਿ ਹੁਣ ਕਈ ਸਿੱਖ ਇਹ ਗੱਲ ਬੜਾ ਜ਼ੋਰ ਦੇ ਕੇ ਆਖਦੇ ਹਨ ਕਿ ਅਸੀਂ ਤਾਂ ਫਲਾਣੇ ਸੰਤਾਂ ਦਾ ਜਾਂ ਫਲਾਣੀ ਸੰਪਰਦਾ ਦਾ ਅੰਮ੍ਰਿਤ ਛਕਿਆ ਹੈ। ਭਾਵ ਕਿ ਹੁਣ ਅੰਮ੍ਰਿਤ ਵੀ ਗੁਰੂ ਦਾ ਨਾ ਹੋ ਕੇ ਸੰਤਾਂ ਤੇ ਸੰਪਰਦਾਵਾਂ ਦਾ ਬਣ ਗਿਆ ਹੈ। ਗੁਰੂ ਨਾਨਕ ਦੇਵ ਜੀ ਵਲੋਂ ਚਲਾਏ ਮਾਰਗ ਸਾਰੇ ਵਰਣਾਂ ਦਾ ਸਾਂਝਾ ਧਰਮ ਅਤੇ ਮੱਧ ਜੁੱਗਾਂ ਦੇ ਹਨ੍ਹੇਰੇ ਵਕਤ ਅੰਦਰ ਸੱਚੇ ਗਿਆਨ ਦੇ ਚਾਨਣ ਦਾ ਫੈਲਾਉ ਕਰ ਸਦੀਆਂ ਦੀ ਨਪੀੜੀ ਲੋਕਾਈ ਦੀ ਕਾਇਆ-ਕਲਪ ਕਰਨ ਦਾ ਇਕ ਬੇਹੱਦ ਵਿਸਮਾਦੀ ਕਾਰਨਾਮਾ ਕਰ ਵਿਖਾਇਆ। ਇਸ ਕਾਇਆ ਕਲਪ ਨੂੰ ਆਉਣ ਵਾਲੇ ਸਮਿਆਂ 'ਚ ਕਾਇਮ ਤੇ ਭਲੀਭਾਂਤ ਪੱਕਾ ਕਰਨ ਲਈ,ਕਾਇਆ-ਕਲਪ ਕਰ ਕੇ ਹੋਂਦ 'ਚ ਲਿਆਂਦੇ ਗਏ ਸਿੱਖ ਪੰਥ ਨੂੰ ਕੁੱਲ ਦਸ ਸਿੱਖ ਗੁਰੂ ਸਾਹਿਬਾਨ ਦੀ ਆਦਰਸ਼ ਰੂਹਾਨੀ ਤੇ ਨੈਤਿਕ ਅਗਵਾਈ ਬਖ਼ਸ਼ਿਸ਼ ਰੂਪ 'ਚ ਪ੍ਰਾਪਤ ਹੋਈ। ਗੁਰੂ ਗੋਬਿੰਦ ਸਿੰਘ ਜੀ ਨੇ ਜਾਤ-ਪਾਤ ਪ੍ਰਥਾ ਖਤਮ ਕਰਕੇ ਪੰਜਾਂ ਪਿਆਰਿਆਂ ਦੀ ਚੋਣ ਅਲੱਗ - ਅਲੱਗ ਜਾਤੀਆਂ ਵਿਚੋਂ ਕੀਤੀ । ਇਹ ਸਿਧਾਂਤ ਵੀ ਪੁਰਾਣਾ ਸੀ, ਜਦੋਂ ਪਹਿਲੇ ਗੁਰੂਆਂ ਨੇ ਸੰਗਤ ਤੇ ਪੰਗਤ ਦੁਆਰਾ ਊਚ-ਨੀਚ ਦੇ ਭੇਦ ਨੂੰ ਮਿਟਾ ਦਿੱਤਾ ਗਿਆ। ਸਰੋਵਰਾਂ ਦੇ ਸਾਂਝੇ ਪਾਣੀਆਂ ਵਿੱਚ ਸਭ ਜਾਤਾਂ ਦੇ ਲੋਕਾਂ ਨੂੰ ਇਸ਼ਨਾਨ ਕਰਨ ਦੀ ਖੁੱਲ੍ਹ ਦਿੱਤੀ ਤਾਂ ਜੋ ਆਪਸੀ ਭਿੱਟ ਖਤਮ ਹੋ ਜਾਵੇ । ਆਖ਼ਰ ਪੰਜਾਂ ਪਿਆਰਿਆਂ ਨੂੰ ਇਕੋ ਬਾਟੇ ਨੂੰ ਮੂੰਹ ਲਗਵਾ ਦਿੱਤਾ । ਖਾਲਸੇ ਨੂੰ ਗੁਰਿਆਈ ਦੇਕੇ, ਉਸਨੂੰ ਗੁਰੂ ਖਾਲਸਾ ਪਦ ਬਖਸ਼ ਦਿੱਤਾ । ਮੂਲ ਤੱਤ ਇਹ ਹੈ ਕਿ 1699 ਦੀ ਵੈਸਾਖੀ ਨੂੰ ਗੁਰੂ ਨਾਨਕ ਦੇਵ ਜੀ ਵਲੋਂ ਸ਼ੁਰੂ ਕੀਤੇ ਸਿੱਖ ਲਹਿਰ ਨੂੰ ਸੰਪੂਰਨਕਰ ਦਿੱਤਾ। ਸਮੂਹ ਕੋਮ ਦੀ ਅਗਵਾਈ ਕਰਨ ਲਈ ਪੰਜਾਂ ਪਿਆਰਿਆਂ ਦੀ ਚੋਣ ਕਰਕੇ ਸੰਸਾਰ ਅੰਦਰ ਨਵੀਂ ਤੇ ਵਿਲੱਖਣ ਲੋਕ-ਤੰਤਰੀ ਪ੍ਰਣਾਲੀ ਨੂੰ ਜਨਮ ਦਿੱਤਾ੍ਣਾਂ ਨੂੰ ਸਦਾ ਮੂਹਰੇ ਰੱਖਣ ਅਤੇ ਸੰਚਾਰਤ ਤੇ ਵਿਕਸਿਤ ਕਰਦੇ ਰਹਿਣ ਵਾਸਤੇ ਗੁਰੂ ਦੇ ਨਾਮ ਲੇਵਾ ਸਿੱਖ/ਖਾਲਸੇ ਕੋਲ ਜੁਗੋ-ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਜੀ ਹਾਜ਼ਰ ਨਾਜ਼ਰ ਹਨ। ਪੰਜ ਪਿਆਰਿਆਂ ਨੇ ਆਪਣੇ ਸੀਸ ਭੇਟ ਕਰ ਕੇ ਭਾਵ ਆਪਣਾ ਸਭ ਕੁਝ ਕੁਰਬਾਨ ਕਰ ਕੇ ਖਾਲਸਾ ਦਾ ਅਦੁੱਤੀ ਰੁਤਬਾ ਹਾਸਲ ਕੀਤਾ। ਇਸ ਤੋਂ ਵੀ ਵੱਧ ਅਲੌਕਿਕ ਤੇ ਵਿਸਮਾਦੀ ਗੱਲ ਇਹ ਹੈ ਕਿ ਖਾਲਸਾ ਪੰਥ ਦੇ ਰਚਨਹਾਰੇ ਸਾਹਿਬ-ਏ-ਕਮਾਲ ਨੇ ਖ਼ੁਦ ਵੀ ਪੰਜ ਪਿਆਰਿਆਂ ਅੱਗੇ ਅੰਮ੍ਰਿਤ ਛਕਾਉਣ ਦੀ ਜਾਚਨਾ ਕੀਤੀ ਅਤੇ ਉਨ੍ਹਾਂ ਤੋਂ ਅੰਮ੍ਰਿਤਪਾਨ ਕਰਨ ਮਗਰੋਂ ਹੀ ਖ਼ੁਦ ਸ੍ਰੀ ਗੁਰੂ ਗੋਬਿੰਦ ਰਾਏ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਅਖਵਾਏ। ਸਤਿਗੁਰੂ ਜੀ ਨੇ ਤਾਂ ਆਪਣੇ ਖਾਲਸੇ ਨੂੰ ਯੁੱਧਾਂ ਵਿਚ ਵੀ ਪਰਉਪਕਾਰ ਕਮਾਉਣ ਵਾਸਤੇ ਪ੍ਰੇਰਿਆ, ਜਿਸ ਦੀ ਵਿਲੱਖਣ ਮਿਸਾਲ ਗੁਰੂ ਜੀ ਦੇ ਸਿੱਖ ਭਾਈ ਘਨੱਈਆ ਜੀ ਪ੍ਰਸਤੁਤ ਕਰਦੇ ਹਨ। ਇਹ ਸਾਡੇ ਇਤਿਹਾਸ ਦਾ ਬਹੁਤ ਹੀ ਬਹੁਤ ਵਿਸਾਖੀਆਂ ਆਈਆਂ ਤੇ ਗਈਆਂ, ਪਰ ਇੱਕ ਵਿਸਾਖੀ ਹੋਰ ਹੈ, ਜਿਸ ਦਾ ਜ਼ਿਕਰ ਕਰਨਾ ਪੰਜਾਬ ਦੀ ਰਾਜਨੀਤੀ ਦੇ ਕਿਸੇ ਵੀ ਵਿਸ਼ਲੇਸ਼ਣਕਾਰ ਲਈ ਮਜਬੂਰੀ ਬਣ ਜਾਂਦਾ ਹੈ। ਇਹ ੧੯੭੮ ਦੀ ਵਿਸਾਖੀ ਸੀ, ਜਦੋਂ ਇੱਕ ਵਾਰੀ ਫਿਰ ਅੰਮ੍ਰਿਤਸਰ ਦੀ ਧਰਤੀ ਉੱਤੇ ਲਹੂ ਡੁੱਲ੍ਹਿਆ ਸੀ। ਉਸ ਦਿਨ ਨਿਰੰਕਾਰੀਆਂ ਨੂੰ ਸਿੱਖੀ ਦੇ ਦੋਖੀ ਆਖ ਕੇ ਕੁਝ ਲੋਕ ਜਥੇ ਨਾਲ ਤੁਰੇ ਤੇ ਉਹਨਾਂ ਦਾ ਸਮਾਗਮ ਰੋਕਣ ਗਏ ਸਨ। ਗੋਲੀਬਾਰੀ ਵਿੱਚ ਸਤਾਰਾਂ ਜਾਨਾਂ ਦਾ ਨੁਕਸਾਨ ਹੋਇਆ, ਚਾਰ ਜਣੇ ਨਿਰੰਕਾਰੀ ਪਾਸੇ ਤੋਂ ਮਾਰੇ ਗਏ ਸਨ ਤੇ ਤੇਰਾਂ ਜਣੇ ਉਹਨਾਂ ਦਾ ਸਮਾਗਮ ਰੋਕਣ ਜਾਣ ਵਾਲਿਆਂ ਵਿੱਚੋਂ ਜਾਨ ਗਵਾ ਬੈਠੇ ਸਨ। ਇਸ ਖ਼ੂਨੀ ਕਾਂਡ ਨੇ ਪੰਜਾਬ ਨੂੰ ਇਹੋ ਜਿਹੀ ਅੰਨ੍ਹੀ ਗਲੀ ਵਿੱਚ ਧੱਕਿਆ ਕਿ ਉਹ ਆਪਣੇ ਪੰਝੀ ਹਜ਼ਾਰ ਲੋਕਾਂ ਦੀ ਬਲੀ ਦੇ ਕੇ ਮਸਾਂ ਆਪਣੇ ਪੈਰਾਂ ਉੱਤੇ ਖੜਾ ਹੋ ਸਕਿਆ ਹੈ। ਅੰਮ੍ਰਿਤਸਰ ਅੱਜ ਵੀ ਉਵੇਂ ਦਾ ਉਵੇਂ ਹੈ, ਨਿਰੰਕਾਰੀਆਂ ਦੇ ਸਮਾਗਮ ਅੱਗੇ ਨਾਲੋਂ ਵੱਡੇ ਹੋ ਰਹੇ ਹਨ, ਪਰ ਜਿਹੜੇ ਲੋਕ ਜਾਨਾਂ ਗਵਾ ਬੈਠੇ, ਉਹਨਾਂ ਵਿੱਚੋਂ ਬਹੁਤਿਆਂ ਨੂੰ ਮਰਨ ਤੱਕ ਇਹ ਵੀ ਪਤਾ ਨਹੀਂ ਲੱਗਾ ਹੋਣਾ ਕਿ ਲੜਾਈ ਕਿਸ ਦੀ ਕਿਸ ਨਾਲ ਕਿਸ ਗੱਲ ਵਾਸਤੇ ਹੋ ਰਹੀ ਹੈ। ਕੌਮਾਂ ਇਤਹਾਸ ਤੋਂ ਸਬਕ ਸਿੱਖ ਕੇ ਅੱਗੇ ਵਧਦੀਆਂ ਹਨ, ਸਾਡੇ ਪੰਜਾਬ ਵਿੱਚ ਕੌਮ ਸਬਕ ਨਹੀਂ ਸਿੱਖਦੀ, ਕੌਮ ਦੇ ਲੀਡਰ ਨਵੇਂ ਤੋਂ ਨਵੇਂ ਲੁਕਮਾਨੀ ਨੁਸਖੇ ਸਿੱਖਦੇ ਹਨ ਤੇ ਇਹ ਨੁਸਖਾ ਉਹਨਾਂ ਨੂੰ 1978 ਦੀ ਉਸ ਵਿਸਾਖੀ ਨੇ ਸਿਖਾ ਦਿੱਤਾ ਸੀ ਕਿ ਕਿਸੇ ਨਾ ਕਿਸੇ ਨਾਲ ਸਿੱਖ ਪੰਥ ਦਾ ਆਢਾ ਲਾਈ ਰੱਖਿਆ ਜਾਵੇ ਤਾਂ ਕੁਰਸੀਆਂ ਤੱਕ ਪਹੁੰਚ ਜ਼ਰਾ ਸੌਖੀ ਹੋ ਜਾਂਦੀ ਹੈ। ਉਹ ਉਰਦੂ ਦਾ ਇਹ ਸ਼ੇਅਰ ਯਾਦ ਨਹੀਂ ਰੱਖਦੇ ਕਿ

'ਵੋ ਵਕਤ ਭੀ ਦੇਖਾ ਤਾਰੀਖ ਕੀ ਘੜੀਓਂ ਨੇ,
ਲਮਹੋਂ ਨੇ ਖਤਾ ਕੀ ਥੀ, ਸਦੀਓਂ ਨੇ ਸਜ਼ਾ

SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES

Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ
"Over 20 years experience as Denturist"
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।
BALRAJ (REGGIE) GILL
R.D. Bsc. Registered Denturist

ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

ਲੇਖਕ : ਡਾ. ਪੂਰਨ ਸਿੰਘ ਗਿੱਲ

# ਖਾਲਸੇ ਦਾ ਦਿਵਸ ਵਿਸਾਖੀ



1699 ਦੀ ਵੈਸਾਖੀ, ਇਤਿਹਾਸ ਅੰਦਰ ਇੱਕ ਅਦੁੱਤੀ ਕਾਰਨਾਮਾ ਹੈ, ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਿ ਕੀਨੀ ਖਾਲਸਾ, ਦਾ ਐਲਾਨ ਕੀਤਾ । ਖਾਲਸਾ ਪੰਥ ਨੂੰ ਸੰਪੂਰਨ ਮੰਨਕੇ ਗੁਰਿਆਈ ਬਖਸ਼ ਦਿੱਤੀ । ਖਾਲਸਾ ਪੰਥ ਦੀ ਸਥਾਪਨਾ ਕੋਈ ਝਟ-ਪਟ ਕੀਤਾ ਫੈਸਲਾ ਨਹੀਂ ਸੀ, ਇਹ ਬਹੁਤ ਹੀ ਯੋਜਨਾ ਬਧ ਤਰੀਕੇ ਨਾਲ ਸ਼ੁਰੂ ਕਰਕੇ 1699 ਦੀ ਵੈਸਾਖੀ ਨੂੰ ਸੰਪੂਰਨ ਹੋਇਆ । ਭਾਵੇਂ ਜਦੋਂ ਵੀ ਖਾਲਸੇ ਦੀ ਵੈਸਾਖੀ ਦੀ ਗੱਲ ਹੁੰਦੀ ਹੈ ਤਾਂ ਆਖਿਆ ਜਾਂਦਾ ਹੈ ਕਿ ਪੰਜਾਬ ਅੰਦਰ ਵੈਸਾਖੀ ਵੇਲੇ ਫਸਲਾਂ ਪੱਕਣ ਦੀ ਰੁੱਤ ਹੋਣ ਕਰਕੇ ਕਿਸਾਨਾਂ ਨੂੰ ਅਤਿ ਖੁਸ਼ੀ ਹੁੰਦੀ ਹੈ । ਇਸ ਖੁਸ਼ੀ ਦਾ ਪ੍ਰਗਟਾਵਾ ਕਰਨ ਲਈ ਉਹ ਭੰਗੜੇ ਪਾਉਂਦੇ ਹਨ। ਅਸੀਂ ਪੰਜਾਬ ਵਿਚ ਰਹੇ ਹਾਂ ਪਰ ਕਿਸਾਨਾਂ ਨੂੰ ਖੁਸ਼ੀਆਂ ਪ੍ਰਗਟਾਉਣ ਲਈ ਕਦੀ ਵੀ ਭੰਗੜੇ ਪਾਉਂਦੇ ਨਹੀਂ ਦੇਖਿਆ ।

ਇਹ ਕਿਹਾ ਜਾਂਦਾ ਹੈ ਕਿ ਮੌਸਮੀ ਤਿਉਹਾਰ ਨੂੰ ਇਸ ਲਈ ਚੁਣਿਆ ਗਿਆ ਕਿ ਇਸ ਸਮੇਂ ਫੱਸਲਾਂ ਪੱਕ ਜਾਂਦੀਆਂ ਹਨ ਅਤੇ ਦੋ ਸਦੀਆਂ ਤੋਂ ਉਪਰ ਸਮਾਂ ਲਗਾਕੇ ਸੰਗਤਿ ਨੂੰ ਖਾਲਸਾ ਕੌਮ ਬਣਾ ਦਿੱਤਾ। ਕੁੱਝ ਸਮਾਂ ਪਹਿਲਾਂ ਵੈਸਾਖੀ ਨੂੰ ਖਾਲਸੇ ਦਾ ਜਨਮ ਦਿਨ ਆਖਿਆ ਜਾਂਦਾ ਸੀ, ਅਤੇ ਇਸ ਦੀ ਥਾਂ ਹੁਣ ਖਾਲਸੇ ਦਾ ਸਿਰਜਣਾ ਜਾਂ ਸਾਜਣਾ ਦਿਵਸ ਆਖਣ ਦੀ ਪਿਰਤ ਸ਼ੁਰੂ ਹੋ ਗਈ ਹੈ। ਇਹ ਸ਼ਬਦ ਭਾਵੇਂ ਢੁਕਵੇਂ ਲਗਦੇ ਹਨ, ਪਰ ਅਸਲ ਵਿਚ ਜੇ ਇੰਜ ਵੀ ਆਖ ਲਈਏ ਕਿ ਇਸ ਦਿਨ ਖਾਲਸੇ ਦੀ ਸੰਪੂਰਨਤਾ ਹੋਈ ਸੀ, ਤਾਂ ਸਿਧਾਂਤਕ ਪੱਖੋਂ ਠੀਕ ਜਾਪਦਾ ਹੈ ।

ਹੁਣ ਇਹ ਸਵਾਲ ਵੀ ਉਠ ਸਕਦਾ ਹੈ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ , ਤਾਂ ਫਿਰ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਕੋਈ ਹੋਰ ਸੀ? ਦੂਸਰਾ ਵਿਰੋਧੀ ਧਿਰਾਂ ਵਲੋਂ ਮੁੱਢ ਤੋਂ ਹੀ ਜਤਨ ਹੁੰਦੇ ਰਹੇ ਕਿ ਗੁਰੂਆਂ ਵਲੋਂ ਗੁਰਮਤਿ ਸਿਧਾਂਤਾਂ ਨੂੰ ਵੱਖ ਵੱਖ ਦਸਿਆ ਜਾਵੇ । ਕੁੱਝ ਡੇਰੇਦਾਰਾਂ ਵਲੋਂ ਇਹ ਵੀ ਪ੍ਰਚਾਰਿਆ ਜਾਂਦਾ ਕਿ ਪਹਿਲੇ ਗੁਰੂ ਤੋਂ ਲੈ ਕੇ ਪੰਜਵੇਂ ਗੁਰੂ ਅਰਜਨ ਦੇਵ ਜੀ ਤੱਕ ਸਰਬ-ਪ੍ਰਵਾਨਤ ਸਿਧਾਂਤ ਸਨ, ਪਰ ਛੇਵੇਂ ਗੁਰੂ ਵਲੋਂ ਤਲਵਾਰ ਚੁਕਣਾ ਪਹਿਲੇ ਗੁਰੂਆਂ ਦੇ ਸਿਧਾਂਤਾਂ ਦੇ ਵਿਪਰੀਤ ਸੀ। ਇੰਜ ਅਗਿਆਨਤਾ ਵਸ ਲੋਕ ਸਮਝਦੇ ਸਨ ਕਿ ਪਹਿਲੇ ਪੰਜ ਗੁਰੂਆਂ ਨੇ ਬਾਣੀ ਰਚੀ ਤੇ ਛੇਵੇਂ ਗੁਰਾਂ ਨੇ ਬਾਣੀ ਰੱਚਣ ਦੀ ਥਾਂ ਤਲਵਾਰ ਉਠਾ ਲਈ ਤੇ ਰਾਜਿਆਂ ਮਹਾਰਾਜਿਆਂ ਵਾਂਗੂੰ ਸ਼ਿਕਾਰ ਖੇਡਦਾ ਸ਼ੁਰੂ ਕਰ ਦਿੱਤਾ। ਇਸ ਭੁਲੇਖੇ ਨੂੰ ਦੂਰ ਕਰਨ ਲਈ ਭਾਈ ਗੁਰਦਾਸ ਨੇ ਵਾਰ ਵੀ ਰੱਚੀ ਤੇ ਸੰਗਤਾਂ ਨੂੰ ਸਪਸ਼ਟ ਕੀਤਾ ।

ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਮੀਰੀ-ਪੀਰੀ ਸਿਧਾਂਤ ਗੁਰੂ ਹਰਿਗੋਬਿੰਦ ਜੀ ਨੇ ਪ੍ਰਚਲਤ ਕੀਤਾ। ਇਸ ਤੱਥ ਵਿਚ ਸਚਾਈ ਨਹੀਂ ਹੈ । ਅਸਲ ਵਿਚ ਤਲਵਾਰ ਫੜਣ ਜਾਂ ਮੀਰੀ-ਪੀਰੀ ਦਾ ਸੰਕਲਪ ਗੁਰੂ ਨਾਨਕ ਦੇਵ ਜੀ ਨੇ ਸਥਾਪਤ ਕਰ ਦਿੱਤਾ ਸੀ। ਭਾਈ ਗੁਰਦਾਸ ਜੀ ਦੇ ਬਚਨ ਅਨੁਸਾਰ "ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ ।" ਕੀ ਇਹ ਮੀਰੀ-ਪੀਰੀ ਨਹੀਂ ਸੀ, ਜਦੋਂ ਗੁਰੂ ਨਾਨਕ ਦੇਵ ਜੀ ਉਸ ਸਮੇਂ ਦੇ ਰਾਜਿਆਂ ਤੇ ਧਾਰਮਕ ਆਗੂਆਂ ਦੀਆਂ ਗਲਤ ਨੀਤੀਆਂ ਨੂੰ ਭੰਡਿਆਂ,

**ਕਾਦੀ ਕੂੜੁ ਬੋਲਿ ਮਲੁ ਖਾਇ।।**
**ਬ੍ਰਾਹਮਣ ਨਾਵੈ ਜੀਆ ਘਾਇ।।**
**ਜੋਗੀ ਜੁਗਤਿ ਨ ਜਾਣੈ ਅੰਧੁ।।**
**ਤੀਨੇ ਉਜਾੜੇ ਕਾ ਬੰਧੁ ।।**
(ਰਾਗ਼ ਪੰਨਾ662)

ਬਾਬਰ ਵਰਗੇ ਤਾਕਤਵਰ ਬਾਦਸ਼ਾਹ ਨੂੰ ਜ਼ਾਬਰ ਆਖਦਾ ਤੇ ਉਸਦੀ ਫੌਜ਼ ਨੂੰ ਪਾਪ ਕੀ ਜੰਞ ਕਹਿ ਦੇਣਾ ਬਹੁਤ ਵੱਡੀ ਜ਼ੁਰਅਤ ਸੀ ਤੇ ਇਹ ਉਨ੍ਹਾਂ ਦੀ ਮੀਰੀ-ਪੀਰੀ ਦਾ ਸੰਕੇਤ ਹੈ ।

**ਪਾਪ ਕੀ ਜੰਞ ਲੈ ਕਾਬਲਹੁ ਧਾਇਆ,**
**ਜੋਰੀ ਮੰਗੈ ਦਾਨ ਵੈ ਲਾਲੋ ।।**
(ਪੰਨਾ 722)

ਇਸਤੋਂ ਬਿਨ੍ਹਾਂ ਗੁਰੂ ਨਾਨਕ ਦੇਵ ਜੀ ਵਲੋਂ ਸਿੱਖ ਇਨਕਲਾਬ ਵਿੱਚ ਹਿੱਸਾ ਲੈਣ ਵਾਲਿਆਂ ਲਈ ਵਿਸ਼ੇਸ਼ ਸ਼ਰਤ ਰੱਖੀ ਸੀ,

**ਜੇਉ ਤਉ ਪ੍ਰੇਮ ਖੇਲਣ ਕਾ ਚਾਉ,**
**ਸਿਰੁ ਧਰਿ ਤਲੀ ਗਲੀ ਮੇਰੀ ਆਉ ।।**
(1412)

ਉਪਰੋਕਤ ਤੱਥ ਨੂੰ ਹੋਰ ਸਪਸ਼ਟ ਕਰਨ ਲਈ ਡਾਕਟਰ ਗੋਕਲ ਚੰਦ ਨਾਰੰਗ ਦੇ ਬਚਨ ਮਹੱਤਤਾ ਪੂਰਨ, ਉਸ ਅਨੁਸਾਰ 'ਜਿਸ ਖੰਡੇ ਨਾਲ ਖਾਲਸੇ ਦੀ ਸਾਜਣਾ ਕੀਤੀ, ਉਸ ਖੰਡੇ ਦਾ ਸਟੀਲ ਗੁਰੂ ਨਾਨਕ ਦੇਵ ਜੀ ਨੇ ਦਿੱਤਾ ਸੀ।" ਜੋ ਦਰੱਖਤ ਗੁਰੂ ਗੋਬਿੰਦ ਸਿੰਘ ਜੀ ਸਮੇਂ ਪ੍ਰਫੁਲਤ ਹੋਇਆ, ਉਸਦਾ ਬੀਜ ਗੁਰੂ ਨਾਨਕ ਦੇਵ ਜੀ ਬੀਜਿਆ ਅਤੇ ਉਸਦੀ ਪਾਲਣਾ-ਪੋਸ਼ਣ ਹੋਰ ਗੁਰੂਆਂ ਨੇ ਕੀਤੀ । ਗੁਰੂ ਹਰਿਗੋਬਿੰਦ ਸਾਹਿਬ ਤੋਂ ਪਿਛੋਂ ਗੁਰੂ ਹਰਿ ਰਾਇ ਸਾਹਿਬ 2200 ਘੋੜ ਸਵਾਰ ਤਿਆਰ ਬਰ ਤਿਆਰ ਰਹਿੰਦੇ ਸਨ, ਭਾਵੇਂ ਫੌਜ ਦਾ ਪ੍ਰਯੋਗ ਨਹੀਂ ਹੋਇਆ, ਪਰ ਫੌਜ ਰੱਖਣ ਦੀ ਪ੍ਰੰਪਰਾ ਸ਼ੁਰੂ ਕਰ ਦਿੱਤੀ ਸੀ । ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ ਦੇਵ ਜੀ ਵਲੋਂ ਸਥਾਪਤ ਗੁਰਮਤਿ ਸਿਧਾਂਤਾਂ ਲਾਂਭੇ ਨਹੀਂ ਹੋਏ । ਉਨ੍ਹਾਂ ਨੇ ਪਹਿਲੇ ਗੁਰੂਆਂ ਦੀ ਰੱਚੀ ਗੁਰਬਾਣੀ ਤੇ ਸੰਪਾਦਤ ਆਦਿ ਗ੍ਰੰਥ ਜੀ ਨੂੰ ਗੁਰੂ ਪੱਦ ਦਿਤਾ ਅਤੇ ਇਹ ਸਿਧਾਂਤ ਵੀ ਪਹਿਲਾਂ ਹੀ ਸਥਾਪਤ ਸੀ । ਗੁਰੂ ਰਾਮ ਦਾਸ ਜੀ ਨੇ ਆਖ ਦਿੱਤਾ ਸੀ,

**ਬਾਣੀ ਗੁਰੂ ਗੁਰੂ ਹੈ ਬਾਣੀ,**
**ਵਿਚਿ ਬਾਣੀ ਅੰਮ੍ਰਿਤ ਸਾਰੇ ।।**

ਸੁਭਾਵਕ ਹੀ ਆਖਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ-ਪਾਤ ਪ੍ਰਥਾ ਖਤਮ ਕਰਕੇ ਪੰਜਾਂ ਪਿਆਰਿਆਂ ਦੀ ਚੋਣ ਛੋਟੀਆਂ ਜਾਤੀਆਂ ਵਿਚੋਂ ਕੀਤੀ । ਇਹ ਸਿਧਾਂਤ ਵੀ ਪੁਰਾਣਾ ਸੀ, ਜਦੋਂ ਪਹਿਲੇ ਗੁਰੂਆਂ ਨੇ ਸੰਗਤ ਤੇ ਪੰਗਤ ਦੁਆਰਾ ਊਚ-ਨੀਚ ਦੇ ਭੇਦ ਨੂੰ ਮਿਟਾ ਦਿੱਤਾ ਗਿਆ। ਸਰੋਵਰਾਂ ਦੇ ਸਾਂਝੇ ਪਾਣੀਆਂ ਵਿੱਚ ਸਭ ਜਾਤਾਂ ਦੇ ਲੋਕਾਂ ਨੂੰ ਇਸ਼ਨਾਨ ਕਰਨ ਦੀ ਖੁੱਲ੍ਹ ਦਿੱਤੀ ਤਾਂ ਜੋ ਆਪਸੀ ਭਿੱਟ ਖਤਮ ਹੋ ਜਾਵੇ । ਆਖ਼ਰ ਪੰਜਾਂ ਪਿਆਰਿਆਂ ਨੂੰ ਇਕੋ ਬਾਟੇ ਨੂੰ ਮੂੰਹ ਲਗਵਾ ਦਿੱਤਾ । ਖਾਲਸੇ ਨੂੰ ਗੁਰਿਆਈ ਦੇਕੇ, ਉਸਨੂੰ ਗੁਰੂ ਖਾਲਸਾ ਪਦ ਬਖਸ਼ ਦਿੱਤਾ । ਮੂਲ ਤੱਤ ਇਹ ਹੈ ਕਿ 1699 ਦੀ ਵੈਸਾਖੀ ਨੂੰ ਗੁਰੂ ਨਾਨਕ ਦੇਵ ਜੀ ਵਲੋਂ ਸ਼ੁਰੂ ਕੀਤੇ ਸਿੱਖ ਲਹਿਰ ਨੂੰ ਸੰਪੂਰਨਕਰ ਦਿੱਤਾ। ਸਮੂਹ ਕੌਮ ਦੀ ਅਗਵਾਈ ਕਰਨ ਲਈ ਪੰਜਾਂ ਪਿਆਰਿਆਂ ਦੀ ਚੋਣ ਕਰਕੇ ਸੰਸਾਰ ਅੰਦਰ ਨਵੀਂ ਤੇ ਵਿਲੱਖਣ ਲੋਕ-ਤੰਤਰੀ ਪ੍ਰਣਾਲੀ ਨੂੰ ਜਨਮ ਦਿੱਤਾ। ਪੰਜਾਬ ਅੰਦਰ ਵੈਸਾਖੀ ਦੀ ਮਹਾਨਤਾ ਖਾਲਸੇ ਦੀ ਸੰਪੂਰਨਤਾ ਕਰਕੇ ਹੋਈ ਹੈ । ਪਹਿਲੀ, ਵੈਸਾਖ, ਵਿਸ਼ੇਸ਼ ਕਰਕੇ ਬਿਕ੍ਰਮੀ ਸੰਮਤ ਦਾ ਨਵਾਂ ਸਾਲ ਚੜ੍ਹਣ ਦਾ ਪ੍ਰਤੀਕ ਸੀ। ਹੁਣ ਵੀ ਭਾਰਤ ਦੇ ਕਈ ਸੂਬਿਆਂ ਵਿਚ ਵੈਸਾਖ ਨੂੰ ਬਤੌਰ ਨਵਾਂ ਸਾਲ ਮੰਨਿਆ ਜਾਂਦਾ ਹੈ । ਕਿਤੇ ਇਹ ਨਾ ਕਿ ਇਹ ਫਸਲਾਂ ਪੱਕਣ ਦਾ ਮੌਸਮ ਹੈ ਅਤੇ ਪੰਜਾਬੀ ਲੋਕਾਂ ਵਲੋਂ ਭੰਗੜੇ ਪਾਉਣਾ ਅਤੇ ਗੀਤਾਂ ਨਾਲ ਮਨ ਪ੍ਰਚਾਉਣ ਨੂੰ ਆਪਣਾ ਮੁੱਖ ਮਨੋਰਥ ਸਮਝੀਏ ।

ਖਾਲਸਈ ਵਿਰਸੇ ਦੀ ਮਹਾਨਤਾ ਨੂੰ ਪ੍ਰਚਾਰਨਾ ਅਖਵਾ ਖਾਲਸਈ ਪ੍ਰੰਪਰਾਵਾਂ ਅਨੁਸਾਰ ਜੋੜ-ਮੇਲੇ ਹੀ ਖਾਲਸੇ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੋ ਸਕਦੇ ਹਨ ।

ਸਫ਼ਾ 1 ਦਾ ਬਾਕੀ

## ਸਰਵੇਖਣਾਂ ਮੁਤਾਬਕ ਫੈਡਰਲ ਚੋਣਾਂ ...

ਵੋਟਰਾਂ ਦੇ ਮੁੱਖ ਮੁੱਦਿਆਂ ਵਿੱਚ ਸ਼ਾਮਲ ਹਨ। ਚੋਣ ਪ੍ਰਚਾਰ ਦੌਰਾਨ ਸਾਰੀਆਂ ਪਾਰਟੀਆਂ ਨੇ ਵੋਟਰਾਂ ਨੂੰ ਲੁਭਾਉਣ ਲਈ ਵੱਡੇ ਵਾਅਦੇ ਕੀਤੇ ਹਨ। ਲਿਬਰਲ ਪਾਰਟੀ ਨੇ ਮਕਾਨ ਸੰਕਟ ਨੂੰ ਹੱਲ ਕਰਨ ਲਈ ਸਸਤੇ ਮਕਾਨਾਂ ਦੀ ਉਸਾਰੀ, ਸਿਹਤ ਸੰਭਾਲ ਵਿੱਚ ਵਾਧੂ ਨਿਵੇਸ਼ ਅਤੇ ਸਾਫ਼ ਊਰਜਾ ਨੂੰ ਉਤਸ਼ਾਹਿਤ ਕਰਨ ਦੀ ਯੋਜਨਾ ਦਾ ਐਲਾਨ ਕੀਤਾ ਹੈ। ਮਾਰਕ ਕਾਰਨੀ ਨੇ ਅਮਰੀਕਾ ਨਾਲ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਇੱਕ "ਪੂਰਬ-ਪੱਛਮ" ਬਿਜਲੀ ਗਰਿੱਡ ਬਣਾਉਣ ਦਾ ਵਾਅਦਾ ਕੀਤਾ ਹੈ।

ਕੰਜ਼ਰਵੇਟਿਵ ਪਾਰਟੀ ਦਾ ਫੋਕਸ ਟੈਕਸਾਂ ਵਿੱਚ ਕਟੌਤੀ, ਅਪਰਾਧ ਨੂੰ ਘਟਾਉਣ ਅਤੇ ਸਰਕਾਰੀ ਖਰਚਿਆਂ ਨੂੰ ਨਿਯੰਤਰਿਤ ਕਰਨ 'ਤੇ ਹੈ। ਪੀਅਰ ਪੌਲੀਐਵ ਨੇ "ਕਾਮਨ ਸੈਂਸ" ਨੀਤੀਆਂ 'ਤੇ ਜ਼ੋਰ ਦਿੱਤਾ ਹੈ, ਜਿਸ ਵਿੱਚ ਸਰਕਾਰੀ ਨੌਕਰਸ਼ਾਹੀ ਨੂੰ ਘਟਾਉਣਾ ਅਤੇ ਕੈਨੇਡੀਅਨ ਸਰੋਤਾਂ ਨੂੰ ਵਧਾਉਣਾ ਸ਼ਾਮਲ ਹੈ।

ਐਨਡੀਪੀ ਨੇ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ, ਅਮੀਰਾਂ 'ਤੇ ਟੈਕਸ ਵਧਾਉਣ ਅਤੇ ਮਜ਼ਦੂਰਾਂ ਦੇ ਹੱਕਾਂ ਨੂੰ ਸੁਰੱਖਿਅਤ ਕਰਨ ਦੀ ਗੱਲ ਕੀਤੀ ਹੈ। ਬਲਾਕ ਕਿਊਬੇਕੁਆ ਨੇ ਕਿਊਬੈਕ ਦੀ ਸਭਿਆਚਾਰਕ ਪਛਾਣ ਅਤੇ ਖੁਦਮੁਖਤਿਆਰੀ 'ਤੇ ਜ਼ੋਰ ਦਿੱਤਾ, ਜਦਕਿ ਗਰੀਨ ਪਾਰਟੀ ਨੇ ਜਲਵਾਯੂ ਸੰਕਟ ਨਾਲ ਨਜਿੱਠਣ ਲਈ ਤੁਰੰਤ ਕਾਰਵਾਈ ਦੀ ਮੰਗ ਕੀਤੀ।

ਚੋਣ ਪ੍ਰਚਾਰ ਦੇ ਤੀਜੇ ਹਫ਼ਤੇ, ਵੱਖ ਵੱਖ ਆਗੂਆਂ ਦੀਆਂ ਰੈਲੀਆਂ ਵਿੱਚ ਹਜ਼ਾਰਾਂ ਲੋਕ ਸ਼ਾਮਲ ਹੋ ਰਹੇ ਹਨ। ਪੌਲੀਐਵ ਦੀਆਂ ਰੈਲੀਆਂ ਵਿੱਚ ਭੀੜ ਨੂੰ ਵੇਖਦਿਆਂ ਕੰਜ਼ਰਵੇਟਿਵ ਸਮਰਥਕਾਂ ਵਿੱਚ ਜੋਸ਼ ਨਜ਼ਰ ਆ ਰਿਹਾ ਹੈ, ਪਰ ਮਾਹਿਰਾਂ ਦਾ ਕਹਿਣਾ ਹੈ ਕਿ ਰੈਲੀਆਂ ਦਾ ਆਕਾਰ ਹਮੇਸ਼ਾ ਜਿੱਤ ਦੀ ਗਾਰੰਟੀ ਨਹੀਂ ਹੁੰਦਾ। ਦੂਜੇ ਪਾਸੇ, ਕਾਰਨੀ ਦੀਆਂ ਨੀਤੀਆਂ, ਖਾਸਕਰ ਅਮਰੀਕਾ ਨਾਲ ਵਪਾਰਕ ਸਬੰਧਾਂ ਨੂੰ ਲੈ ਕੇ, ਵੋਟਰਾਂ ਵਿੱਚ ਮਿਸ਼ਰਤ ਪ੍ਰਤੀਕਿਰਿਆ ਪੈਦਾ ਕਰ ਰਹੀਆਂ ਹਨ।

ਚੋਣ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਵਪਾਰਕ ਧਮਕੀਆਂ ਵੀ ਸ਼ਾਮਲ ਹਨ, ਜਿਨ੍ਹਾਂ ਕਾਰਨ ਕੈਨੇਡਾ ਨੇ ਅਮਰੀਕੀ ਵਸਤੂਆਂ 'ਤੇ ਜਵਾਬੀ ਟੈਰਿਫ ਲਗਾਏ ਹਨ। ਇਸ ਨੇ ਵੋਟਰਾਂ ਦੇ ਮਨਾਂ ਵਿੱਚ ਆਰਥਿਕ ਸੁਰੱਖਿਆ ਦਾ ਮੁੱਦਾ ਹੋਰ ਅਹਿਮ ਕਰ ਦਿੱਤਾ ਹੈ।

ਇਸ ਵਾਰ ਵੋਟਰਾਂ ਵਿੱਚ ਪਹਿਲਾਂ ਨਾਲੋਂ ਵੱਧ ਉਤਸ਼ਾਹ ਦੇਖਿਆ ਜਾ ਰਿਹਾ ਹੈ। ਇਲੈਕਸ਼ਨਜ਼ ਕੈਨੇਡਾ ਮੁਤਾਬਕ, 1 ਲੱਖ ਤੋਂ ਵੱਧ ਲੋਕ ਪਹਿਲਾਂ ਹੀ ਵੋਟ ਪਾ ਚੁੱਕੇ ਹਨ। ਅਗਾਊਂ ਵੋਟਿੰਗ 18 ਤੋਂ 22 ਅਪ੍ਰੈਲ ਤੱਕ ਹੋਵੇਗੀ, ਅਤੇ ਵੋਟਰਾਂ ਨੂੰ ਆਪਣੇ ਨੇੜਲੇ ਵੋਟਿੰਗ ਸਟੇਸ਼ਨ ਦੀ ਜਾਣਕਾਰੀ ਲਈ ਇਲੈਕਸ਼ਨਜ਼ ਕੈਨੇਡਾ ਦੀ ਵੈਬਸਾਈਟ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਗਈ ਹੈ।

ਚੋਣ ਦੇ ਮੁਕਾਬਲੇ ਨੂੰ ਹੋਰ ਤੇਜ਼ ਕਰਨ ਲਈ 16 ਅਤੇ 17 ਅਪ੍ਰੈਲ ਨੂੰ ਕ੍ਰਮਵਾਰ ਫ੍ਰੈਂਚ ਅਤੇ ਅੰਗਰੇਜ਼ੀ ਵਿੱਚ ਨੇਤਾਵਾਂ ਦੀਆਂ ਬਹਿਸਾਂ ਹੋਣ ਜਾ ਰਹੀਆਂ ਹਨ। ਇਹ ਬਹਿਸਾਂ ਵੋਟਰਾਂ ਨੂੰ ਨੇਤਾਵਾਂ ਦੀਆਂ ਨੀਤੀਆਂ ਅਤੇ ਦ੍ਰਿਸ਼ਟੀਕੋਣ ਨੂੰ ਸਮਝਣ ਦਾ ਮੌਕਾ ਦੇਣਗੀਆਂ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਬਹਿਸਾਂ ਅਜੇ ਵੀ ਅਣਡਿੱਠ ਵੋਟਰਾਂ ਦੇ ਫੈਸਲੇ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

**ਕੈਨੇਡਾ ਦੀਆਂ 2025 ਫੈਡਰਲ ਚੋਣਾਂ...**

ਨਾਲ ਹਿੱਸਾ ਲੈ ਰਹੇ ਹਨ। ਲਿਬਰਲ, ਕੰਜ਼ਰਵੇਟਿਵ, ਨਿਊ ਡੈਮੋਕ੍ਰੈਟਿਕ ਪਾਰਟੀ (ਐਨ.ਡੀ.ਪੀ), ਅਤੇ ਗ੍ਰੀਨ ਪਾਰਟੀ ਸਮੇਤ ਸਾਰੀਆਂ ਮੁੱਖ ਸਿਆਸੀ ਧਿਰਾਂ ਨੇ ਸਾਊਥ ਏਸ਼ੀਅਨ ਉਮੀਦਵਾਰਾਂ ਨੂੰ ਨਾਮਜ਼ਦ ਕੀਤਾ ਹੈ, ਜਦਕਿ ਕਈ ਸੁਤੰਤਰ ਉਮੀਦਵਾਰ ਵੀ ਸਥਾਨਕ ਮੁੱਦਿਆਂ ਨੂੰ ਉਜਾਗਰ ਕਰ ਰਹੇ ਹਨ।

ਕੁਝ ਪ੍ਰਮੁੱਖ ਸਾਊਥ ਏਸ਼ੀਅਨ ਉਮੀਦਵਾਰ ਜੋ ਚਰਚਾ ਵਿੱਚ ਹਨ, ਉਨ੍ਹਾਂ ਵਿੱਚ ਜਗਮੀਤ ਸਿੰਘ (ਐਨ.ਡੀ.ਪੀ): ਸਾਊਥ ਬਰਨਾਬੀ ਤੋਂ ਮੁੜ ਚੋਣ ਲੜ ਰਹੇ ਹਨ ਅਤੇ ਨੌਜਵਾਨ ਵੋਟਰਾਂ ਵਿੱਚ ਖਾਸ ਪ੍ਰਭਾਵ ਰੱਖਦੇ ਹਨ।

ਅਨੰਦਪਰੀਤ ਗਿੱਲ (ਲਿਬਰਲ): ਬ੍ਰੈਂਪਟਨ ਈਸਟ ਤੋਂ ਮੈਦਾਨ ਵਿੱਚ ਹਨ, ਜੋ ਸਾਊਥ ਏਸ਼ੀਅਨ ਬਹੁਗਿਣਤੀ ਵਾਲੀ ਰਾਈਡਿੰਗ ਹੈ।

ਹਰਦਿਆਲ ਢਿੱਲੋਂ (ਕੰਜ਼ਰਵੇਟਿਵ): ਕੈਲਗਰੀ ਦੀ ਇੱਕ ਤਿੱਖੀ ਟੱਕਰ ਵਾਲੀ ਸੀਟ ਤੋਂ ਉਮੀਦਵਾਰ ਹਨ।

ਅਮਰੀਨ ਖਾਨ (ਲਿਬਰਲ): ਮਿਸੀਸਾਗਾ ਮੈਲਟਨ ਤੋਂ ਚੋਣ ਲੜ ਰਹੀਆਂ ਹਨ ਅਤੇ ਨਾਰੀ ਵੋਟਰਾਂ ਵਿੱਚ ਮਜ਼ਬੂਤ ਸਮਰਥਨ ਹਾਸਲ ਕਰ ਰਹੀਆਂ ਹਨ।

ਸਰੀ ਦੀਆਂ ਰਾਈਡਿੰਗਾਂ (ਸਰੀ-ਨਿਊਟਨ, ਸਰੀ ਸੈਂਟਰ, ਸਰੀ ਫਲੀਟਵੁੱਡ) ਵਿੱਚ ਸੁੱਖ ਧਾਲੀਵਾਲ, ਰਾਜ ਤੂਰ, ਹਰਜੀਤ ਗਿੱਲ, ਰਣਦੀਪ ਸਰਾਏ, ਰਾਜਵੀਰ ਢਿੱਲੋਂ, ਗੁਰਬਖਸ਼ ਸੈਣੀ, ਅਤੇ ਸੁਖ ਪੰਧੇਰ ਵਰਗੇ ਉਮੀਦਵਾਰ ਵੱਖ-ਵੱਖ ਪਾਰਟੀਆਂ ਦੀ ਨੁਮਾਇੰਦਗੀ ਕਰ ਰਹੇ ਹਨ।

ਸਾਊਥ ਏਸ਼ੀਅਨ ਉਮੀਦਵਾਰ ਨਾ ਸਿਰਫ ਇਮੀਗ੍ਰੇਸ਼ਨ ਜਾਂ ਸੱਭਿਆਚਾਰਕ ਮੁੱਦਿਆਂ ਤੱਕ ਸੀਮਤ ਹਨ, ਸਗੋਂ ਇਸ ਵਾਰ ਉਹ ਅਰਥਚਾਰਾ, ਮਹਿੰਗਾਈ, ਸਿਹਤ ਸੰਭਾਲ, ਸਿੱਖਿਆ, ਵਾਤਾਵਰਣ, ਅਤੇ ਭ੍ਰਿਸ਼ਟਾਚਾਰ ਵਰਗੇ ਵਿਸ਼ਾਲ ਮੁੱਦਿਆਂ 'ਤੇ ਵੀ ਧਿਆਨ ਕੇਂਦਰਿਤ ਕਰ ਰਹੇ ਹਨ। ਇਸ ਵਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ, ਖਾਸ ਕਰਕੇ ਵਪਾਰਕ ਟੈਰਿਫ ਅਤੇ ਆਰਥਿਕ ਪਾਬੰਦੀਆਂ, ਵੀ ਚੋਣੀ ਚਰਚਾ ਦਾ ਕੇਂਦਰ ਬਣੀਆਂ ਹੋਈਆਂ ਹਨ। ਉਮੀਦਵਾਰ ਵੋਟਰਾਂ ਨੂੰ "ਟਰੰਪ ਦੀਆਂ ਨੀਤੀਆਂ ਤੋਂ ਕੈਨੇਡਾ ਨੂੰ ਸੁਰੱਖਿਅਤ ਰੱਖਣ" ਦਾ ਸੰਦੇਸ਼ ਦੇ ਕੇ ਸਮਰਥਨ ਇਕੱਠਾ ਕਰ ਰਹੇ ਹਨ।

ਸਥਾਨਕ ਪੱਧਰ 'ਤੇ ਵੀ ਮੁੱਦੇ ਜਿਵੇਂ ਕਿ ਸਿਹਤ ਸੇਵਾਵਾਂ, ਟਰਾਂਸਪੋਰਟ, ਨੌਜਵਾਨਾਂ ਲਈ ਰੁਜ਼ਗਾਰ, ਅਤੇ ਸਿੱਖਿਆ ਨੂੰ ਖਾਸ ਅਹਿਮੀਅਤ ਦਿੱਤੀ ਜਾ ਰਹੀ ਹੈ। ਸਾਊਥ ਏਸ਼ੀਅਨ ਉਮੀਦਵਾਰ ਸੋਸ਼ਲ ਮੀਡੀਆ ਪਲੈਟਫਾਰਮਾਂ ਜਿਵੇਂ ਕਿ ਫੇਸਬੁੱਕ, ਟਿਕਟੌਕ, ਅਤੇ ਇੰਸਟਾਗ੍ਰਾਮ ਦੀ ਵਰਤੋਂ ਕਰਕੇ ਨੌਜਵਾਨ ਵੋਟਰਾਂ ਤੱਕ ਪਹੁੰਚ ਬਣਾ ਰਹੇ ਹਨ, ਜਦਕਿ ਡੋਰ-ਟੂ-ਡੋਰ ਮੁਹਿੰਮਾਂ ਰਾਹੀਂ ਸਥਾਨਕ ਭਾਈਚਾਰਿਆਂ ਨਾਲ ਸਿੱਧਾ ਸੰਪਰਕ ਸਥਾਪਤ ਕਰ ਰਹੇ ਹਨ।

**ਸਿਆਸੀ ਪਾਰਟੀਆਂ ਦੀ ਰਣਨੀਤੀ**

**ਲਿਬਰਲ ਪਾਰਟੀ (ਮਾਰਕ ਕਾਰਨੀ ਦੀ ਅਗਵਾਈ ਵਿੱਚ):** ਮਲਟੀਕਲਚਰਲਿਜ਼ਮ ਅਤੇ ਇਮੀਗ੍ਰੇਸ਼ਨ ਸੁਧਾਰਾਂ 'ਤੇ ਜ਼ੋਰ ਦੇ ਕੇ ਸਾਊਥ ਏਸ਼ੀਅਨ ਵੋਟਰਾਂ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।


ਕੰਜ਼ਰਵੇਟਿਵ ਪਾਰਟੀ : ਅਰਥਚਾਰੇ, ਟੈਕਸ ਰਾਹਤ, ਅਤੇ ਵਪਾਰਕ ਸੁਰੱਖਿਆ ਨੂੰ ਮੁੱਖ ਮੁੱਦੇ ਬਣਾ ਕੇ ਸਾਊਥ ਏਸ਼ੀਅਨ ਵਪਾਰੀਆਂ ਅਤੇ ਮੱਧ-ਵਰਗੀ ਪਰਿਵਾਰਾਂ ਨੂੰ ਅਪੀਲ ਕਰ ਰਹੀ ਹੈ।

ਐਨ.ਡੀ.ਪੀ. (ਜਗਮੀਤ ਸਿੰਘ ਦੀ ਅਗਵਾਈ ਵਿੱਚ): ਸਮਾਜਿਕ ਨਿਆਂ, ਸਿਹਤ ਸੰਭਾਲ, ਅਤੇ ਸਿੱਖਿਆ 'ਤੇ ਧਿਆਨ ਕੇਂਦਰਿਤ ਕਰਕੇ ਨੌਜਵਾਨ ਅਤੇ ਮਜ਼ਦੂਰ ਵਰਗ ਦੇ ਸਾਊਥ ਏਸ਼ੀਅਨ ਵੋਟਰਾਂ ਵਿੱਚ ਪਕੜ ਮਜ਼ਬੂਤ ਕਰ ਰਹੀ ਹੈ।


ਸਾਊਥ ਏਸ਼ੀਅਨ ਭਾਈਚਾਰੇ ਦਾ ਵਧਦਾ ਪ੍ਰਭਾਵ

ਕੈਨੇਡਾ ਦੀ ਕੁੱਲ ਆਬਾਦੀ ਦਾ ਲਗਭਗ 7% ਹਿੱਸਾ ਰੱਖਣ ਵਾਲੀ ਸਾਊਥ ਏਸ਼ੀਅਨ ਕਮਿਊਨਿਟੀ ਸਰੀ-ਨਿਊਟਨ, ਬ੍ਰੈਂਪਟਨ ਈਸਟ, ਅਤੇ ਮਿਸੀਸਾਗਾ-ਮੈਲਟਨ ਵਰਗੀਆਂ ਰਾਈਡਿੰਗਾਂ ਵਿੱਚ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦੀ ਹੈ। ਸਾਊਥ ਏਸ਼ੀਅਨ ਉਮੀਦਵਾਰਾਂ ਨੂੰ ਨਸਲੀ ਪੱਖਪਾਤ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਦੇ ਨਾਲ ਹੀ, ਵੱਖ-ਵੱਖ ਸਾਊਥ ਏਸ਼ੀਅਨ ਸਮੂਹਾਂ ਵਿੱਚ ਅੰਦਰੂਨੀ ਸਿਆਸੀ ਮਤਭੇਦ ਵੀ ਮੁਸ਼ਕਿਲਾਂ ਪੈਦਾ ਕਰ ਸਕਦੇ ਹਨ। ਪਰ, ਸਾਊਥ ਏਸ਼ੀਅਨ ਭਾਈਚਾਰੇ ਲਈ ਇਹ ਚੋਣਾਂ ਇੱਕ ਵੱਡਾ ਮੌਕਾ ਹਨ। ਜੇ ਵੱਡੀ ਗਿਣਤੀ ਵਿੱਚ ਸਾਊਥ ਏਸ਼ੀਅਨ ਉਮੀਦਵਾਰ ਜਿੱਤ ਹਾਸਲ ਕਰਦੇ ਹਨ, ਤਾਂ ਇਹ ਕੈਨੇਡੀਅਨ ਸਿਆਸਤ ਵਿੱਚ ਵਿਭਿੰਨਤਾ ਨੂੰ ਹੋਰ ਮਜ਼ਬੂਤੀ ਦੇਵੇਗਾ।

ਫੈਡਰਲ ਚੋਣਾਂ 28 ਅਪ੍ਰੈਲ, 2025 ਅਤੇ ਅਡਵਾਂਸ ਵੋਟਿੰਗ 18 ਅਪ੍ਰੈਲ ਤੋਂ 21 ਅਪ੍ਰੈਲ ਤੱਕ ਹੋਣਗੀਆਂ।


HAPPY VAISAKHI
ਖਾਲਸਾ ਸਾਜਨਾ ਦਿਵਸ
ਵਿਸਾਖੀ
ਦੀਆਂ ਲੱਖ ਲੱਖ ਵਧਾਈਆਂ
SECURITY
Pyramid Security
PYRAMID
SECURITY
Security-Guard | Fire Watch | Mobile Security
Alarm Response | Bike Patrol
#205-5955 Fraser Street, Vancouver, BC, V5W 2Z6
Ph.: 604-677-5662 Fax: 604-677-5669

# ਗੁਰਦਵਾਰਾ ਨਾਨਕ ਨਿਵਾਸ




**8600 - No. 5 RD., RICHMOND, B.C. • Tel : (604) 274-7479, Fax : (604) 274-0046**

## ਖਾਲਸਾ ਸਾਜਨਾ ਦਿਵਸ ਵਿਸਾਖੀ
## ਦੀਆਂ ਲੱਖ ਲੱਖ ਵਧਾਈਆਂ

**ਖਾਲਸਾ ਸਾਜਨਾ ਦਿਵਸ ਵਿਸਾਖੀ ਦਾ ਦਿਹਾੜ੍ਹਾ ਹੇਠ ਲਿਖੇ ਅਨੁਸਾਰ ਮਨਾਇਆ ਜਾਵੇਗਾ।**

**ਆਰੰਭ ਸ੍ਰੀ ਅਖੰਡ ਪਾਠ ਸਾਹਿਬ : 12 ਅਪ੍ਰੈਲ, ਦਿਨ ਸ਼ਨਿੱਚਰਵਾਰ 5:00 ਵਜੇ ਸ਼ਾਮ**

**ਭੋਗ ਸ਼੍ਰੀ ਅਖੰਡ ਪਾਠ ਸਾਹਿਬ : 14 ਅਪ੍ਰੈਲ ਦਿਨ ਸੋਮਵਾਰ 5:00 ਵਜੇ ਸ਼ਾਮ**

ਭੋਗ ਉਪਰੰਤ ਸਜੇ ਦੀਵਾਨ ਵਿੱਚ ਗੁਣੀ-ਗਿਆਨੀ ਅਤੇ ਵਿਦਵਾਨ ਸੱਜਣਾਂ ਵਲੋਂ ਸਾਜਨਾ ਦਿਵਸ ਸਬੰਧੀ ਇਤਿਹਾਸਕ ਜਾਣਕਾਰੀ ਪੇਸ਼ ਕੀਤੀ ਜਾਵੇਗੀ।

**13 ਅਪ੍ਰੈਲ ਦਿਨ ਐਤਵਾਰ ਨੂੰ ਸ਼ਾਮ 5:00 ਵਜੇ ਨਿਸ਼ਾਨ ਸਾਹਿਬ ਦੇ ਚੌਲੇ ਦੀ ਸੇਵਾ ਹੋਵੇਗੀ।**

ਤਿੰਨੇ ਦਿਨ ਲੰਗਰ ਦੀ ਸੇਵਾ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਹੋਵੇਗੀ।

**ਰੋਜ਼ਾਨਾ ਪ੍ਰੋਗਰਾਮ**

ਸਵੇਰੇ 5:00 ਵਜੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ
ਸਵੇਰੇ 6:00 ਵਜੇ ਤੋਂ 6:45 ਵਜੇ ਤੱਕ ਨਿਤਨੇਮ
ਸਵੇਰੇ 7:00 ਤੋਂ 7:30 ਵਜੇ ਤੱਕ ਕੀਰਤਨ ਦੀਵਾਨ
ਸਵੇਰੇ 7:30 ਵਜੇ ਤੋਂ 7:45 ਵਜੇ ਤੱਕ ਕਥਾ
ਸਵੇਰੇ 7:45 ਵਜੇ ਤੋਂ 8:00 ਵਜੇ ਤੱਕ ਅਰਦਾਸ ਅਤੇ ਸਮਾਪਤੀ ਦੇ ਦੀਵਾਨ

**ਸ਼ਾਮ ਦੇ ਦੀਵਾਨ**

| ਸ਼ਾਮ 6:00 ਵਜੇ ਤੋਂ 6:25 ਵਜੇ ਤੱਕ | ਸ਼ਾਮ 6:25 ਤੋਂ 6:45 ਵਜੇ ਤੱਕ | ਸ਼ਾਮ 8:00 ਵਜੇ |
|---|---|---|
| ਰਹਿਰਾਸ ਸਾਹਿਬ | ਕੀਰਤਨ | ਸੁਖਆਸਨ ਸੇਵਾ |

ਹਰ ਮੰਗਲਵਾਰ ਸਵੇਰੇ 10:00 ਵਜੇ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ।

**ਕੁਝ ਜ਼ਰੂਰੀ ਬੇਨਤੀਆਂ**

- ਗੁਰਦੁਆਰਾ ਸਾਹਿਬ ਵਿਖੇ ਅਜੇ ਵੀ ਕਈ ਸਪਤਾਹਅੰਤ ਵਿਆਹ ਜਾਂ ਕਿਸੇ ਵੀ ਹੋਰ ਸਮਾਗਮ ਉਪਲੱਬਧ ਹਨ। ਸੰਪਰਕ ਕਰੋ ਜੀ।
- ਸਾਡੇ ਖਰਚੇ ਵੀ ਮੈਟਰੋ ਵੈਨਕੂਵਰ ਇਲਾਕੇ ਦੇ ਬਾਕੀ ਗੁਰਦੁਆਰਾ ਸਾਹਿਬਾਨ ਦੇ ਬਰਾਬਰ ਹੀ ਹਨ।
- ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਭਾਈਚਾਰੇ ਦੇ ਚੰਗੇ ਤੋਂ ਚੰਗੇ ਢੰਗ ਨਾਲ ਸੇਵਾ ਕਰਨ ਲਈ ਆਪ ਜੀ ਲੋਂ ਆਏ ਸੁਝਾਵਾਂ ਦਾ ਸੁਆਗਤ ਕਰੇਗੀ।
- ਪ੍ਰਬੰਧਕਾਂ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

ਹੋਰ ਵਧੇਰੇ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੀ ਵੈੱਬਸਾਈਟ 'ਤੇ ਜਾਓ www.nanakniwas.ca

**ਗੁਰਦਵਾਰਾ ਸਾਹਿਬ ਦਾ ਫੋਨ ਨੰਬਰ (604-274-7479)**


HAPPY VAISAKHI
ਖਾਲਸਾ ਸਾਜਨਾ ਦਿਵਸ ਅਤੇ
ਵਿਸਾਖੀ
ਦੀਆਂ ਲੱਖ ਲੱਖ ਵਧਾਈਆਂ
MR. LUBE + TIRES
Celebrate with savings!
ਬੱਚਤਾਂ ਨਾਲ ਜਸ਼ਨ ਮਨਾਓ!
WARRANTY-APPROVED OIL CHANGES.
NO APPOINTMENT NEEDED.
OPEN EVERY DAY
NOW HIRING APPLY ON SITE ANY TIME
Visit one of our locations:
Vancouver
520 SE Marine Dr,
V5X 2T4
604 216 5823
North Vancouver
1790 Marine Dr,
V7P 1V2
604 987 8006
Surrey
2299 King George
Blvd V4A 5A4
604 560 6100
Langley
20112 Fraser Hwy
BC, V3A 4E5
604-532-5990
Langley
9228 200 Street
BC, V1M 3A3
778-705-9299
ਹੁਣ ਖੁੱਲ੍ਹਾ ਹੈ। ਅਸੀਂ ਤੁਹਾਡੀ ਬੋਲੀ ਵਿਚ ਗੱਲ ਕਰਦੇ ਹਾਂ।
ਹਫਤੇ ਵਿਚ 7 ਦਿਨ ਖੁਲ੍ਹਦਾ ਹੈ। ਕੋਈ ਅਪੋਇੰਟਮੈਂਟ ਬਣਾਉਣ ਦੀ ਲੋੜ ਨਹੀਂ। ਵਾਰੰਟੀ ਵਲੋਂ ਮਨਜ਼ੂਰਸ਼ੁਦਾ ਤੇਲ ਬਦਲੀਆਂ।





# BC BOTTLE DEPOT

## ALL MILK CONTAINERS ARE REFUNDABLE

**SCOTT ROAD SURREY**
Bottle Return Depot
12111 86th Ave, Surrey BC
604-543-0606
Open 9.00 A M— 6.00 PM
DROP OFF : Electronics, Paint, Solvent, Pesticide and Gasoline

**SOUTH VANCOUVER**
Bottle Return Depot
34E 69th Ave, Vancouver BC
604-325-3370
Open 8.30 A M— 5.30 PM
DROP OFF : Paint, Solvent, Pesticide Electronics and Gasoline

**GUILDFORD, SURREY**
Bottle Return Depot
100 14727 108 A Avenue, Surrey BC
604-588-4489
Open 9.00 A M— 6.00 PM
Electronics & Paint Drop Off Only

**WALNUT GROVE LANGLEY**
Bottle Return Depot
#8-20280 97th Ave, Walnut Grove BC
604-513-0420
Open 9.00 A M— 6.00 PM
DROP OFF
Paint & Electronics Only

**LANGLEY**
Bottle Return Depot
20137 Industrial Ave, Langley,
604-534-0171
Open 8.30 AM — 5.30 PM
DROP OFF
Paint & Electronics Only

**MAPLE RIDGE**
Bottle Return Depot
15 20475 Lougheed Hwy
Maple Ridge BC
604-465-8900
Open 9.00 A M— 6.00 PM
Electronics Drop Off

EXPRESS SERVICES AVAILABLE ON ALL LOCATIONS

Please go to the nearest bottle depot in your area . We are open 7 days a week (except holidays)

**KULBIR RANA**
**604-916-3737**

BC Bottle Depot exclusives
- FULL DEPOSIT on most pop & Beverage containers.
- NO LIMIT to the numbers you can return.
- FULL DEPOSIT beer cans & bottles - 10 cents each.
- FULL DEPOSIT on wine & Spirit containers.
- Bottle drive specialist

For general inquiries, please contact Kulbir Rana | krana@bcbottledepot.com




AtoZ

# A to Z Driving School

ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ ਅਤੇ

ਲਰਨਿੰਗ ਲਾਇਸੈਂਸ ਪਹਿਲੀ ਵਾਰ ‘ਚ ਪਾਸ ਕਰੋ

**CLASS 1, 2, 3, 4, 5, 6 & 7 LEARNING LICENSE**

ਲੈਣ ਲਈ ਕੋਈ ਫਿਕਰ ਨਾ ਕਰੋ, ਸਾਡੀਆਂ ਬੇਹਤਰੀਨ ਸੇਵਾਵਾਂ ਤੁਹਾਨੂੰ ਸਫ਼ਲਤਾ ਦਿਵਾਉਣ ‘ਚ ਮਦਦਗਾਰ ਹੋਣਗੀਆਂ




NSC ਟੈਸਟ, ਸਿਟੀਜਨਸ਼ਿਪ ਟੈਸਟ ਅਤੇ ਫੂਡ ਸੇਫਟੀ ਟੈਸਟ ਦੀ ਤਿਆਰੀ ਵੀ ਕਰਵਾਉਂਦੇ ਹਾਂ।

# 604-614-5365

Unit 15-8388 128 Street, Surrey behind Grand Taj

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥




8000 Khalsa Diwan Road, Vancouver, B.C. Canada, V5X 4C5 Ph. (604) 322-5610, (604) 324-2010, Fax: (604) 565-0500

## ਖਾਲਸਾ ਪੰਥ ਦੇ ਜਨਮ ਦਿਹਾੜੇ ਨੂੰ ਸਮਰਪਿਤ

ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਵਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ


# ਵਿਸਾਖੀ ਨਗਰ ਕੀਰਤਨ

## 12 ਅਪ੍ਰੈਲ 2025, ਦਿਨ ਸ਼ਨਿੱਚਰਵਾਰ

ਨੂੰ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਸਜਾਇਆ ਜਾ ਰਿਹਾ ਹੈ।


* ਇਲਾਹੀ ਕੀਰਤਨ............ਸਵੇਰ 8:00-9:00 ਵਜੇ ਤੱਕ
* ਪਤਵੰਤਿਆਂ ਦਾ ਸਵਾਗਤ......ਸਵੇਰ 9:00-9:30 ਵਜੇ ਤੱਕ
* ਤਕਰੀਰਾਂ.................... ਸਵੇਰ 9:30-10:40 ਵਜੇ ਤੱਕ
* ਅਰਦਾਸ..................... ਸਵੇਰ 10:45 ਵਜੇ

*** ਨਗਰ ਕੀਰਤਨ ਦਾ ਅਰੰਭਤਾ- ਸਵੇਰ 10:45 ਵਜੇ**
*** ਨਗਰ ਕੀਰਤਨ ਦੀ ਮੁਕੰਮਲਤਾ- ਸ਼ਾਮ 4:00 ਵਜੇ**



### ਪ੍ਰੋਗਰਾਮ ਦਾ ਵੇਰਵਾ

11 ਅਪ੍ਰੈਲ 2025, ਦਿਨ ਸ਼ੁੱਕਰਵਾਰ..... ਨਿਸ਼ਾਨ ਸਾਹਿਬ ਦੀ ਸੇਵਾ
12 ਅਪ੍ਰੈਲ 2025, ਦਿਨ ਸ਼ਨਿੱਚਰਵਾਰ....ਸਲਾਨਾ ਨਗਰ ਕੀਰਤਨ
13 ਅਪ੍ਰੈਲ 2025, ਦਿਨ ਐਤਵਾਰ........ਅੰਮ੍ਰਿਤ ਸੰਚਾਰ




ਵਿਸਾਖੀ ਸਿੱਖਾਂ ਲਈ ਇੱਕ ਬਹੁਤ ਮਹੱਤਵਪੂਰਨ ਦਿਹਾੜਾ ਹੈ ਅਤੇ ਸਿੱਖ ਕੈਲੰਡਰ ਵਿੱਚ ਸਭ ਤੋਂ ਸ਼ਾਨਦਾਰ ਤੇ ਚੜ੍ਹਦੀ ਕਲਾ ਵਾਲੇ ਸਮਾਗਮਾਂ ਵਿੱਚੋਂ ਇੱਕ ਹੈ। ਇਹ ਹਰ ਸਾਲ ਅਪ੍ਰੈਲ ਦੇ ਅੱਧ ਵਿੱਚ ਹੁੰਦਾ ਹੈ ਅਤੇ ਰਵਾਇਤੀ ਤੌਰ 'ਤੇ ਪੰਜਾਬ ਵਿੱਚ ਸਾਲ ਦੀ ਪਹਿਲੀ ਫ਼ਸਲ ਦੀ ਕਟਾਈ ਨਾਲ ਮੇਲ ਖਾਂਦਾ ਹੈ।ਇਸ ਲਈ ਇਤਿਹਾਸਕ ਤੌਰ 'ਤੇ ਵਿਸਾਖੀ ਇੱਕ ਬਹੁਤ ਹੀ ਖੁਸ਼ੀ ਅਤੇ ਉਤਸ਼ਾਹ ਦਾ ਸਮਾਂ ਹੁੰਦਾ ਹੈ। 1699 ਤੋਂ ਇਸ ਨੇ ਖਾਲਸੇ ਦੀ ਸਿਰਜਣਾ ਦੇ ਬਹੁਤ ਮਹੱਤਵਪੂਰਨ ਧਾਰਮਿਕ ਇਤਿਹਾਸ ਨੂੰ ਨਵੀਂ ਪੀੜ੍ਹੀ ਤੱਕ ਪੁਜਦਾ ਕੀਤਾ ਹੈ।

ਕਿਰਪਾ ਕਰਕੇ ਆਓ ਅਤੇ ਵੈਨਕੂਵਰ ਵਿਸਾਖੀ ਪਰੇਡ ਵਿਚ ਸ਼ਾਮਿਲ ਹੋਵੋ।
ਸਾਰਿਆਂ ਲਈ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
ਕ੍ਰਿਪਾ ਕਰ ਕੇ ਆਵਾਜਾਈ ਦੇ ਰਸਤਿਆਂ ਦੀ ਤਬਦੀਲੀ ਅਤੇ ਸੜਕਾਂ ਦੇ ਬੰਦ ਹੋਣ ਬਾਰੇ ਧਿਆਨ ਰੱਖੋ। ਆਪ ਜੀ ਦਾ ਧੰਨਵਾਦ।

### AVAILABLE PARKING FOR SANGAT & RESIDENTS

Parking has been obtained by KDS, but parking is at your discretion. **Please adhere to the strict open and closing times for each lot, otherwise your vehicle will be towed. Note, each lot has a different time.** See map to the right for locations.

- A **Fraserview Banquet Hall & South Hall** parking lots: until 5pm
- B **Moberly Elementary School** parking lots: 7am-7pm
  - i. Gravel field - access off of Ross Street
  - ii. Staff parking lot - access off of 59th ave
- C **John Henderson School** access off of St. George Street: 7am-7pm
- D Parking lots directly **behind Tim Horton's (6501 Main St) and Himalaya Restaurant (6587 Main St)**: 7am-7pm
- E **Langara College**: 7am-7pm (Do NOT park in the Employee Parking)


President: Kuldip Singh Thandi ..........(Cell: 604-377-3114)
Secretary: Kashmir Singh Dhaliwal.....(Cell: 604-722-6544)
Treasure: Sukhpal Singh Jhooty..........(Cell: 778-840-5602)
Head Granthi: Harminderpal Singh......(Cell: 778-706-5166)
E-mail: kdsross@live.com Web: www.kdsross.com

### ਸਵਾਗਤ ਕਰਤਾ

ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ
ਸੰਪਰਕ: 604-322-5610,

# ਡਾ. ਭੀਮ ਰਾਓ ਅੰਬੇਦਕਰ

ਲੇਖਕ : ਮੋਹਨ ਰਾਮ ਪਾਲ



ਆਰੀਆਂ ਦੇ ਭਾਰਤ ਆਉਣ ਤੋਂ ਪਹਿਲਾਂ ਭਾਰਤੀ ਸਮਾਜ ਇਕ ਬਹੁਤ ਹੀ ਸਭਿਅਕ ਸਮਾਜ ਸੀ। ਉਸ ਵਕਤ ਸਿੰਧੂ ਘਾਟੀ ਦੀ ਸਭਿਅਤਾ ਸੀ। ਔਰਤ ਘਰ ਦੀ ਮੁਖੀ ਹੁੰਦੀ ਸੀ। ਇਹ ਦਰਾਵੜਾਂ ਦਾ ਕਲਚਰ ਸੀ, ਜਿਸਨੂੰ ਮੂਲ ਨਿਵਾਸੀਆਂ ਦਾ ਕਲਚਰ ਵੀ ਕਿਹਾ ਜਾ ਸਕਦਾ ਹੈ, ਜਿਸਨੂੰ ਆਰੀਆ ਲੋਕਾਂ ਨੇ ਤਹਿਸ ਨਹਿਸ਼ ਕਰ ਦਿੱਤਾ। ਉਸ ਵਕਤ ਭਾਰਤ ਵਿਚ ਪੰਜ ਯੂਨੀਵਰਸਿਟੀਆਂ ਸਨ ਜਿਨ੍ਹਾਂ ਵਿਚ ਬਾਹਰਲੇ ਦੇਸ਼ਾਂ ਤੋਂ ਲੋਕ ਪੜ੍ਹਨ ਲਈ ਆਉਂਦੇ ਸਨ ਅਤੇ ਇਥੋਂ ਦੀ ਸਭਿਅਤਾ ਨੂੰ ਉਹ ਬਾਹਰਲੇ ਦੇਸ਼ ਵਿਚ ਲੈ ਕੇ ਗਏ। ਬਾਹਰਲੇ ਨਾਮਾ ਨਿਗਾਰਾਂ ਨੇ ਵੀ ਉਸ ਵਕਤ ਭਾਰਤ ਦੇ ਦੌਰੇ ਕੀਤੇ ਅਤੇ ਇਥੋਂ ਦੀ ਸਭਿਅਤਾ ਬਾਰੇ ਕਿਤਾਬਾਂ ਲਿਖੀਆਂ। ਇਹ ਗੱਲਾਂ ਉਸ ਵਕਤ ਸਾਹਮਣੇ ਆਈਆਂ ਜਦੋਂ ਅੰਗ੍ਰੇਜ਼ਾਂ ਨੇ 1831 ਵਿਚ ਆਰਕਾਲੋਜੀ ਵਿਭਾਗ ਦੀ ਸਥਾਪਨਾ ਕੀਤੀ, ਜਿਸ ਦਾ ਪਹਿਲਾ ਮੁਖੀਆਂ ਅੰਗਰੇਜ਼ ਸੀ। ਉਸਨੇ ਇਥੋਂ ਦੇ ਥੇਹਾਂ ਅਤੇ ਟਿੱਬਿਆਂ ਦੀ ਖੁਦਵਾਈ ਕਰਵਾਈ, ਜਿੱਥੋਂ ਸਿੰਧੂ ਘਾਟੀ ਦੀ ਸਭਿਅਤਾ ਦਾ ਪਤਾ ਲਗਾ। ਉਸ ਵਕਤ ਭਾਰਤ ਵਿਚ ਉਹ ਸਾਰੀਆਂ ਸੁਖ ਸਹੂਲਤਾਂ ਸਨ ਜੋ ਕਿ ਇਸ ਸਭਿਅਕ ਸਮਾਜ ਨੂੰ ਹੋਣੀਆਂ ਚਾਹੀਦੀਆਂ ਹਨ।

ਜਦੋਂ ਆਰੀਆ ਇਸ ਦੇਸ ਵਿਚ ਆਏ ਉਸ ਵਕਤ ਉਹ ਔਰਤ ਜਾਤ ਨੂੰ ਨਾਲ ਨਹੀਂ ਲਿਆਏ, ਏਥੋਂ ਦੀਆਂ ਮੂਲ ਨਿਵਾਸੀ ਔਰਤਾਂ ਨਾਲ ਸ਼ਾਦੀਆਂ ਕੀਤੀਆਂ ਅਤੇ ਏਥੇ ਰਹਿਣ ਲੱਗ ਪਏ। ਇਸ ਬਾਰੇ ਬਹੁਤ ਸਾਰੀਆਂ ਕਿਤਾਬਾਂ ਛਪੀਆਂ ਹਨ, ਜਿਨ੍ਹਾਂ ਵਿਚ ਉਸ ਵਕਤ ਦੇ ਭਾਰਤੀ ਸਮਾਜ ਨੂੰ ਗੁਲਾਮ ਬਣਾਉਣ ਬਾਰੇ ਇਤਿਹਾਸ ਪੇਸ਼ ਹੈ। ਇਸ ਬਾਰੇ ਹੁਣੇ ਜਿਹੇ ਡਾ. ਨਰਪਾਲ ਪ੍ਰੋਫੈਸਰ ਮਾਨਵ ਵਿਗਿਆਨ ਵਿਸ਼ਾਖਾਪਟਨਮ ਯੂਨੀਵਰਸਿਟੀ ਨੇ ਅਮਰੀਕਾ ਦੇ ਪ੍ਰੋਫੈਸਰਾਂ ਦੀ ਮਦਦ ਨਾਲ ਬ੍ਰਾਮਹਣ, ਬਾਣੀਆਂ ਅਤੇ ਕਸ਼ਤਰੀਆਂ ਅਤੇ ਇਹਨਾਂ ਦੀਆਂ ਔਰਤਾਂ ਦਾ ਡੀ ਐਨ ਏ ਟੈਸਟ ਕਰਵਾਇਆ, ਜਿਸ ਤੋਂ ਇਹ ਸਾਬਤ ਹੋਇਆ ਕਿ ਉਕਤ ਜਾਤਾਂ ਦੇ ਜੀਨਜ਼ ਯੂਰੇਸ਼ੀਅਨ ਕੰਟੀਨੈਂਟਲ ਰੰਗ ਨਾਲ ਮਿਲਦੇ ਜੁਲਦੇ ਹਨ। ਔਰਤਾਂ ਦੇ ਜੀਨਸ, ਮੂਲ ਨਿਵਾਸੀ ਔਰਤਾਂ ਨਾਲ ਮਿਲਦੇ ਹਨ। ਇਹ ਆਰੀਆਂ ਬਾਰੇ ਇਕ ਪੁਖਤਾ ਸਬੂਤ ਹੈ। ਜਦੋਂ ਆਰੀਆ ਭਾਰਤ ਵਿਚ ਆਏ ਤਾਂ ਇਹ ਤਿੰਨ ਵਰਨ ਨਾਲ ਲੈ ਕੇ ਆਏ। ਡਾ. ਭੀਮ ਰਾਓ ਅੰਬੇਦਕਰ ਨੇ ਆਪਣੀ ਪ੍ਰਸਿੱਧ ਪੁਸਤਕ, ''ਸੂਦਰ ਕੌਣ ਤੇ ਕਿਵੇਂ .. 'ਚ ਬਹੁਤ ਹੀ ਅਹਿਮ ਸਵਾਲ ਉਠਾਇਆ ਕਿ ਫਿਰ ਚੌਥਾ ਵਰਨ (ਸੂਦਰ) ਕਿੱਥੋਂ ਆਇਆ। ਬਹੁਤ ਹੀ ਇਤਿਹਾਸਕ ਖੋਜ ਪੜਤਾਲ ਤੋਂ ਬਾਅਦ ਡਾ. ਅੰਬੇਦਕਰ ਇਸ ਨਤੀਜੇ ਤੇ ਪਹੁੰਚੇ ਕਿ ਬ੍ਰਾਹਮਣਾ ਅਤੇ ਕੱਸ਼ਤਰੀਆਂ ਵਿਚ ਆਪੋ ਆਪਣੀ ਸੁਪਰਮੇਸੀ ਕਾਇਮ ਕਰਨ ਲਈ ਲੜਾਈਆਂ ਹੋਈਆਂ ਅਤੇ ਬ੍ਰਾਹਮਣ ਆਪਣੀ ਕੁਟਲ ਚਾਲਾਂ ਨਾਲ ਸਫਲ ਹੋ ਗਿਆ। ਜੋ ਹਾਰੇ ਹੋਏ ਕਸ਼ਤਰੀ ਸਨ ਉਨ੍ਹਾਂ ਨੂੰ ਸੂਦਰ ਬਣਾਇਆ ਅਤੇ ਸਾਰੇ ਮਾਨਵੀ ਅਧਿਕਾਰਾਂ ਤੋਂ ਵਾਂਝਾ ਕਰ ਦਿੱਤਾ। ਉਹ ਪਿੰਡਾਂ ਤੋਂ ਬਾਹਰ ਰਹਿਣ ਲਗ ਪਏ। ਜਦੋ ਆਰੀਆ ਨੇ ਮੂਲ ਨਿਵਾਸੀਆਂ ਨੂੰ ਹਰਾਇਆ ਤਾਂ ਹਾਰੇ ਹੋਏ ਮੂਲਨਿਵਾਸੀ ਵੀ ਚੌਥੇ ਵਰਨ 'ਚ ਸੁਟ ਦਿਤੇ ਅਤੇ ਸਾਰੇ ਮਾਨਵੀ ਹੱਕਾਂ ਤੋਂ ਵਾਂਝੇ ਕਰ ਦਿਤੇ। ਜਿਨ੍ਹਾਂ ਨੇ ਬ੍ਰਾਹਮਣਾਂ ਨਾਲ ਸਮਝੌਤਾ ਕਰ ਲਿਆ ਉਹ ਅਜ ਦੇ ਬੈਕਵਰਡ ਕਲਾਸ ਲੋਕ ਹਨ। ਜੋ ਲੜੇ ਅਤੇ ਈਨ ਨਹੀਂ ਮੰਨੀ ਉਹਨਾਂ ਨੂੰ ਅਤੀ ਸੂਦਰ ਬਣਾਇਆ। ਜੋ ਅੱਜ ਦੇ ਟੱਪਰੀ ਵਾਸ (ਘੁਮੰਤੂ ਜਾਤੀਆਂ) ਸ਼ਡੂਲਡ ਕਾਸਟ ਹਨ । ਕੰਨਵਰਟਡ ਟਰਾਈਬਜ਼ ਹਿੰਦੂ ਧਰਮ ਤੋਂ ਸਤੇ ਹੋਏ ਮੁਸਲਮਾਨ, ਈਸਾਈ ਅਤੇ ਸਿਖ ਬਣ ਗਏ। ਇਸ ਤੋਂ ਬਾਅਦ ਇਸ ਸਮਾਜ ਤੇ ਸਬਾਈ ਮਾਨਸਿਕ ਗੁਲਾਮੀ ਲੱਦਣ ਲਈ ਔਰਤ ਜਾਤ ਦੀ ਮਾਨਸਿਕਤਾ 'ਤੇ ਤਿੱਖੇ ਵਾਰ ਕੀਤੇ। ਜਿਵੇਂ (1) ਔਰਤਾਂ ਦੇ ਪੜ੍ਹਨ ਲਿਖਣ ਤੇ ਪਾਬੰਦੀ (2) ਅਗਰ ਘਰ ਵਾਲਾ ਮਰ ਜਾਂਦਾ ਹੈ ਤਾਂ ਉਸ ਨਾਲ ਸਿਵੇ ਵਿਚ ਸੜ ਮਰਨਾ। (ਜਿਸ ਨੂੰ ਸਤੀ ਪ੍ਰਥਾ ਕਹਿੰਦੇ ਹਨ) (3) ਵਿਆਹ ਤੋਂ ਬਾਅਦ ਤਲਾਕ ਨਾਂ ਲੈ ਸਕਣਾ। (4) ਜ਼ਮੀਨ ਜਾਇਦਾਦ ਦੀ ਭਾਈਵਾਲੀ ਖਤਮ ਕਰਨਾ।(5) ਸੁਸਾਇਟੀ ਨੂੰ ਮਰਦ ਪ੍ਰਧਾਨ ਬਣਾ ਕੇ ਔਰਤ ਦੀਆਂ ਗੁਲਾਮੀ ਦੀਆਂ ਜੰਜੀਰਾਂ ਨੂੰ ਪੱਕਿਆਂ ਕਰਨਾ। ਘਰ ਦੀ ਚਾਰ ਦੀਵਾਰੀ 'ਚ ਕੈਦਣ ਬਣਾ ਕੇ ਰਖਣਾ। ਇਸ ਨਾਲ ਕੀ ਵਾਪਰਿਆ ਕਿ ਬੱਚੇ ਮਾਨਸਿਕ ਗੁਲਾਮੀ ਵਾਲੇ ਪੈਦਾ ਹੋਣੇ ਸ਼ੁਰੂ ਹੋ ਗਏ। ਇਸ ਤਰ੍ਹਾਂ ਸਾਰੇ ਹੱਕਾਂ ਤੋਂ ਵਾਂਝਾ ਕਰਨ ਨਾਲ ਮਾਨਸਿਕ ਗੁਲਾਮੀ ਵਾਲਾ ਸਮਾਜ ਪੈਦਾ ਹੋਣਾ ਸ਼ੁਰੂ ਹੋ ਗਿਆ, ਜਿਸਨੂੰ ਫਿਰ ਬ੍ਰਾਹਮਣਾ ਨੇ ਵਰਨ ਵਿਵਸਥਾ ਠੋਸਣ ਤੋਂ ਬਾਅਦ 6000 ਜਾਤਾਂ ਵਿਚ ਵੰਡਿਆ ਅਤੇ ਇਸ ਤਰ੍ਹਾਂ ਦੇ ਸ਼ਲੋਕਾਂ ਦਾ ਉਚਾਰਨ ਹੋਣਾ ਸ਼ੁਰੂ ਹੋ ਗਿਆ।

ਸੂਦਰ, ਢੋਲ, ਪਸ਼ੂ ਔਰ ਨਾਰੀ ਸਾਰੇ ਤਾੜਨ ਦੇ ਅਧਿਕਾਰੀ। ਔਰਤ ਜਾਤੀ ਦੇ ਉਥਾਨ ਵਾਸਤੇ ਪਹਿਲਾਂ ਮਹਾਤਮਾ ਜਿਓਤੀ ਰਾਓ ਫੂਲੇ ਮਹਾਂਰਾਸ਼ਟਰ ਦੇ ਪੂਨੇ ਸ਼ਹਿਰ ਵਿਚ ਪੈਦਾ ਹੋਏ। ਮਹਾਤਮਾ ਫੂਲੇ ਡਾ. ਭੀਮ ਰਾਓ ਅੰਬੇਦਕਰ ਜੀ ਦੇ ਵਿਚਾਰਧਾਰਕ ਗੁਰੂ ਸਨ। ਉਨ੍ਹਾਂ ਨੇ ਸਮਾਜ ਸੁਧਾਰ ਦੇ ਕੰਮ ਨੂੰ ਆਪਣੇ ਹੱਥਾਂ ਵਿਚ ਲੈਣ ਤੋਂ ਪਹਿਲਾਂ ਇਹ ਪੜਚੋਲ ਕੀਤੀ ਕਿ ਪੁਰਾਤਨ ਕਾਲ ਤੋਂ ਦੋ ਵਰਗ ਬ੍ਰਾਹਮਣੀਕਲ ਵਿਵਸਥਾ ਦੇ ਦਮਨ ਦਾ ਸ਼ਿਕਾਰ ਬਣੇ। ਇਕ ਨਾਰੀ ਅਤੇ ਦੂਜਾ ਸੂਦਰ ਅਤੇ ਅਤੀ ਸ਼ੂਦਰ। ਉਨ੍ਹਾਂ ਦੀ ਇਹ ਸਮਝ ਬਣੀ ਕਿ ਜਿਨਾਂ ਚਿਰ ਔਰਤ ਪੜ੍ਹ ਲਿਖ ਨਹੀਂ ਜਾਂਦੀ, ਉਨਾ ਚਿਰ ਤਕ ਸਮਾਜ ਮਾਨਸਿਕ ਗੁਲਾਮੀ ਦੀ ਜਿਲਤ ਤੋਂ ਬਾਹਰ ਨਹੀਂ ਆ ਸਕਦਾ। ਇਸ ਲਈ ਉਨ੍ਹਾਂ ਨੇ ਪੂਨਾ ਜੋ ਬ੍ਰਾਹਮਣਵਾਦ ਦਾ ਗੜ੍ਹ ਸੀ ਵਿਚ ਪਹਿਲੀ ਕੰਨਿਆ ਪਾਠਸ਼ਾਲਾ ਖੋਲ੍ਹੀ। ਆਪਣੀ ਘਰ ਵਾਲੀ ਸ੍ਰੀਮਤੀ ਸਵਿਤਰੀ ਬਾਈ ਫੂਲੇ ਨੂੰ ਪ੍ਰਾਈਵੇਟ ਦਸਵੀਂ ਪਾਸ ਕਰਾਉਣ ਤੋਂ ਬਾਅਦ ਉਸ ਸਕੂਲ ਦੀ ਅਧਿਆਪਕਾ ਬਣਾਇਆ। ਇਸ ਤਰ੍ਹਾਂ ਇਤਿਹਾਸ ਵਿਚ ਪਹਿਲੀ ਭਾਰਤੀ ਔਰਤ ਅਧਿਆਪਕਾ ਬਣੀ। ਮਹਾਤਮਾ ਫੂਲੇ ਦਾ ਬਹੁਤ ਵਿਰੋਧ ਹੋਇਆ। ਘਰਵਾਲਿਆਂ ਬੇਦਖਲ ਕਰ ਦਿੱਤਾ। ਇਕ ਟੁੱਟੀ ਹੋਈ ਹਵੇਲੀ ਵਿਚ ਰਹਿਣ ਲੱਗੇ। ਔਰਤ ਜਾਤੀ ਦੇ ਹਕਾਂ ਦਾ ਖੁਰਾ ਖੋਜ ਈਸਵੀ ਸਨ ਦੇ ਸ਼ੁਰੂ ਵਿਚ ਖਤਮ ਹੋ ਗਿਆ ਸੀ। ਇਹ ਅਧਿਆਪਕਾ 1900 ਸਾਲ ਬਾਅਦ ਬਣੀ। ਇਸ ਤੋਂ ਬਾਅਦ ਅੰਗ੍ਰੇਜ਼ ਸਰਕਾਰ ਦੀ ਮਦਦ ਨਾਲ ਸੈਂਕੜੇ ਸਕੂਲ ਨਾਰੀ ਜਾਤੀ ਲਈ ਖੁਲ੍ਹਵਾਏ ਗਏ। ਜਿਸ ਨਾਲ ਨਾਰੀ ਜਾਤੀ 'ਚ ਸਿੱਖਿਆ ਸ਼ੁਰੂ ਹੋਈ।

ਉਸ ਵਕਤ, ਮਹਾਤਮਾ ਜਯੋਤੀ ਰਾਓ ਫੂਲੇ ਨੇ ਨਾਰੀ ਜਾਤੀ ਲਈ ਸੰਘਰਸ਼ ਕਰਦਿਆਂ ਕਿਹਾ ਸੀ ਕਿ ਕੁਝ ਲੋਭੀ ਪੁਰਸ਼ ਆਪਣੇ ਸੁਖ ਅਰਾਮ ਦੀ ਖ਼ਾਤਰ ਦੋ ਦੋ, ਚਾਰ ਚਾਰ, ਬੀਵੀਆਂ ਰਖਦੇ ਹਨ। ਅਗਰ ਇਸ ਦੇ ਉਲਟ ਔਰਤ ਦੋ ਦੋ ਚਾਰ ਚਾਰ ਪਤੀ ਰਖੇ, ਔਰ ਮਰਦਾਂ ਨੂੰ ਘਰ ਵਿਚ ਰਖੇ, ਫਿਰ ਮਰਦ ਜਾਤ ਕਿਸ ਤਰ੍ਹਾਂ ਮਹਿਸੂਸ ਕਰੇਗੀ? ਮਰਦ ਕਦੇ ਵੀ ਇਹ ਸਹਿਣ ਨਹੀਂ ਕਰਨਗੇ। ਪਰ ਔਰਤ ਇਹ ਸਭ ਕੁਝ ਸਹਿਣ ਕਰ ਜਾਂਦੀ ਹੈ। ਜਯੋਤੀ ਰਾਓ ਫੂਲੇ ਨੇ ਸਤਿਆ ਸੋਧਕ ਸਮਾਜ ਨਾਮੀ ਇਕ ਜਥੇਬੰਦੀ ਬਣਾਈ। ਇਸ ਦੇ ਬਤੌਰ ਹੋਰ ਵੀ ਬਹੁਤ ਸੁਧਾਰ ਦਾ ਕੰਮ ਆਪਣੇ ਹੱਥਾਂ ਵਿਚ ਲਿਆ।

ਇਸ ਤੋਂ ਬਾਅਦ ਬਾਬਾ ਸਾਹਬ ਅੰਬੇਦਕਰ ਔਰਤ ਜਾਤੀ ਦੇ ਸੁਧਾਰ ਲਈ ਮੈਦਾਨ 'ਚ ਉਤਰੇ। ਉਨ੍ਹਾਂ ਨੇ ਹਿੰਦੂ ਕੋਡ ਬਿਲ ਨੂੰ ਕਾਨੂੰਨੀ ਸ਼ਕਲ ਦੇਣ ਲਈ ਹਿੰਦੂ ਕੋਡ ਬਿਲ ਆਪਣੇ ਹੱਥਾਂ ਵਿਚ ਲਿਆ। ਉਸ ਵਕਤ ਬਾਬਾ ਸਾਹਬ ਅੰਬੇਦਕਰ ਜਵਾਹਰ ਲਾਲ ਨਹਿਰੂ ਸਰਕਾਰ ਵਿਚ ਭਾਰਤ ਦੇ ਕਾਨੂੰਨ ਮੰਤਰੀ ਸਨ। ਜਦੋਂ ਹਿੰਦੂ ਕੋਡ ਬਿਲ ਨੂੰ ਉਨ੍ਹਾਂ ਆਪਣੇ ਹੱਥਾਂ ਵਿਚ ਲਿਆ ਤਾਂ ਉਸ ਵਕਤ ਹਿੰਦੂਆਂ ਨੇ ਬਹੁਤ ਵਿਰੋਧ ਕੀਤਾ ਤੇ ਬ੍ਰਾਹਮਣਵਾਦੀ ਲੋਕ ਬੁਖਲਾ ਉਠੇ। ਉਨ੍ਹਾਂ ਉਸ ਵਕਤ ਹਿੰਦੂ ਕੋਡ ਬਿੱਲ ਦਾ ਖੁਲ੍ਹ ਕੇ ਵਿਰੋਧ ਕੀਤਾ। ਉਨ੍ਹਾਂ ਦੀ ਦਲੀਲ ਸੀ ਕਿ ਹਿੰਦੂ ਕੋਡ ਬਿਲ ਹਿੰਦੂਆਂ ਦੀ ਪਰੰਪਰਾ ਅਤੇ ਰੀਤੀ ਰਿਵਾਜਾਂ ਦਾ ਸਰਬਨਾਸ ਦੇਵੇਗਾ।

ਹਿੰਦੂ ਕੋਡ ਬਿਲ ਨੂੰ ਹਿੰਦੂ ਸ਼ਾਸਤਰਾਂ ਦੇ ਮੁਤਾਬਕ ਦਰਸਾਉਂਦਿਆਂ ਬਾਬਾ ਸਾਹਬ ਅੰਬੇਦਕਰ ਨੇ ਕਿਹਾ ਕਿ ਜਿੱਥੋਂ ਤੱਕ ਹਿੰਦੂ ਕੋਡ ਬਿਲ ਦੇ ਅਧਾਰ ਦਾ ਸੰਬੰਧ ਹੈ ਇਹ ਹਿੰਦੂ ਸ਼ਾਸਤਰ ਬ੍ਰਹਸਪਤੀ ਸਿਮ੍ਰਤੀ ਦੇ ਅਨੁਸਾਰ ਔਰਤ ਨੂੰ ਜਾਇਦਾਦ ਦਾ ਹੱਕ ਦਿੰਦਾ ਹੈ ਅਤੇ ਤਲਾਕ ਦੀ ਪ੍ਰੋੜ੍ਹਤਾ ਕੋਟਲਯ ਅਤੇ ਪ੍ਰਾਸ਼ਰ ਸਿਮਰਤੀ ਅਨੁਸਾਰ ਹੈ, ਜੋ ਰੂੜੀਵਾਦੀ ਪੁਰਾਣੀਆਂ ਲੀਹਾਂ ਤੇ ਚੱਲਣਾ ਚਾਹੁੰਦੇ ਹਨ, ਉਹ ਬਿਲ ਨੂੰ ਨਹੀਂ ਰੋਕ ਸਕਦੇ। ਹਿੰਦੂ ਕੋਡ ਬਿਲ ਤੇ ਬਾਬਾ ਸਾਹਬ ਨੇ ਬਹੁਤ ਸਖਤ ਮਿਹਨਤ ਕੀਤੀ ਮਣਾਂ ਮੂੰਹੀ ਪੁਸਤਕਾਂ ਫਰੋਲ ਮਾਰੀਆਂ ਤੇ ਸੈਂਕੜੇ ਹਿੰਦੂ ਆਗੂਆਂ, ਵਕੀਲਾਂ, ਕਾਨੂੰਨਦਾਨਾਂ ਨਾਲ ਵਿਚਾਰ ਵਟਾਂਦਰੇ ਕੀਤੇ ਅਤੇ 1950 ਵਿਚ 39 ਸਫਿਆਂ ਦੀ ਇਕ ਪੁਸਤਕ ਜੋ ਬਾਬਾ ਸਾਹਬ ਅੰਬੇਦਕਰ ਨੇ ਲਿਖੀ , ਉਸਨੂੰ ਸਾਰੇ ਲੋਕ ਸਭਾ ਮੈਂਬਰਾਂ 'ਚ ਵੰਡਿਆ। ਏਨੀਆਂ ਕੋਸ਼ਿਸ਼ਾਂ ਦੇ ਬਾਵਜੂਦ ਹਿੰਦੂ ਕੋਡ ਬਿਲ ਲੋਕ ਸਭਾ ਵਿਚ ਪੇਸ਼ ਨਾਂ ਹੋ ਸਕਿਆ। ਪੰਡਤ ਨਹਿਰੂ ਜੋ ਉਸ ਵਕਤ ਪ੍ਰਧਾਨ ਮੰਤਰੀ ਸਨ ਨੇ ਕਿਹਾ ਕਿ ਜੇ ਸਾਡੀ ਸਰਕਾਰ ਹਿੰਦੂ ਕੋਡ ਬਿਲ ਪਾਸ ਨਾ ਕਰਵਾ ਸਕੀ ਤਾਂ ਮੈਂ ਪ੍ਰਧਾਨ ਮੰਤਰੀ ਪੱਦ ਤੋਂ ਅਸਤੀਫਾ ਦੇ ਦੇਵਾਂਗਾ। ਇਸ ਤਰ੍ਹਾਂ ਇਹ ਬਿਲ 5 ਫਰਵਰੀ 1951 ਨੂੰ ਕੇਂਦਰੀ ਵਿਧਾਨ ਮੰਡਲ ਵਿਚ ਪੇਸ਼ ਹੋਇਆ । ਇਸ ਬਿਲ 'ਤੇ ਪੰਡਤ ਠਾਕਰਦਾਸ ਭਾਰਗਵ ਨੇ ਕਿਹਾ ਕਿ ਇਹ, ਪੰਜਾਬ ਵਿਚ ਲਾਗੂ ਨਾ ਕੀਤਾ ਜਾਵੇ। ਸਿੱਖ ਆਗੂ ਹੁਕਮ ਸਿੰਘ ਨੇ ਕਿਹਾ ਕਿ ਇਹ ਹਿੰਦੂਆਂ ਵਲੋਂ ਸਿੱਖਾਂ ਨੂੰ ਹੜਪ ਕਰਨ ਦੀ ਇਕ ਸਾਜ਼ਿਸ਼ ਹੈ। ਇਤਰਾਜਾਂ ਅਤੇ ਨੁਕਤਾਚੀਨੀਆਂ ਦਾ ਉੱਤਰ ਦਿੰਦਿਆਂ ਡਾ. ਭੀਮ ਅੰਬੇਦਕਰ ਨੇ ਕਿਹਾ ਕਿ ਹਿੰਦੂ ਜਾਬਤਾ ਸਾਰੇ ਦੇਸ਼ ਵਿਚ ਇਕੋ ਹੀ ਹੈ। ਇਜਲਾਸ ਤਿੰਨ ਦਿਨ ਤੱਕ ਜਾਰੀ ਰਿਹਾ, ਪਰ ਨਤੀਜਾ ਕੋਈ ਨਾ ਨਿਕਲਿਆ। ਈਵਜ਼ ਵੀਕਲੀ 'ਚ 21 ਜਨਵਰੀ 1950 ਦੇ ਅੰਕ ਵਿਚ ਇਕ ਲੇਖ ਛਪਿਆ ਜਿਸ ਵਿਚ ਭਾਰਤੀ ਨਾਰੀ ਦੇ ਪਤਨ ਦਾ ਦੋਸ਼ ਗੌਤਮ ਬੁੱਧ ਸਿਰ ਮੜ੍ਹਿਆ ਗਿਆ। ਇਸਦਾ ਜਵਾਬ ਦਿੰਦੇ ਹੋਏ ਡਾ. ਭੀਮ ਰਾਓ ਅੰਬੇਦਕਰ ਨੇ ਕਿਹਾ ਕਿ ਨਾਰੀ ਨੂੰ ਜੋ ਅਜਾਦੀ, ਇੱਜ਼ਤ, ਅਤੇ ਬਰਾਬਰੀ ਬੁੱਧ ਨੇ ਦਿੱਤੀ, ਉਹ ਕਿਸੇ ਹੋਰ ਨੇ ਨਹੀਂ ਦਿੱਤੀ। ਨਾਰੀ ਦੀ ਗੁਲਾਮੀ ਦਾ ਕਾਰਨ ਬੁੱਧ ਨਹੀਂ ਸੀ, ਸਗੋਂ ਮਨੂੰ ਹੈ ਜੋ ਕਿ ਹਿੰਦੂਇਜ਼ਮ ਨੂੰ ਬੁੱਧਇਜ਼ਮ ਤੋਂ ਬਚਾ ਕੇ ਰੱਖਣਾ ਚਾਹੁੰਦਾ ਸੀ। 10 ਅਗਸਤ 1951 ਨੂੰ ਡਾ. ਅੰਬੇਦਕਰ ਨੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਪੱਤਰ ਲਿਖ ਕੇ ਕਿਹਾ ਕਿ ਮੇਰੀ ਸਿਹਤ ਖਰਾਬ ਹੋ ਰਹੀ ਹੈ ਇਸ ਤਰ੍ਹਾਂ ਡਾਕਟਰ ਦੇ ਹੱਥਾਂ ਵਿਚ ਜਾਣ ਤੋਂ ਪਹਿਲਾਂ ਮੈਂ ਇਹ ਬਿਲ ਪਾਸ ਕਰਵਾਉਣਾ ਚਾਹੁੰਦਾ ਹਾਂ।

17 ਸਤੰਬਰ 1951 ਨੂੰ ਹਿੰਦੂ ਕੋਡ ਬਿਲ 'ਤੇ ਸੰਸਦ ਵਿਚ ਬਹਿਸ ਹੋਈ। ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਜਿਨ੍ਹਾਂ ਨੇ ਜਨਸੰਘ ਦੀ ਸਥਾਪਨਾ ਕੀਤੀ ਸੀ, ਨੇ ਸੰਸਦ ਵਿਚ ਹਿੰਦੂ ਕੋਡ ਬਿਲ ਦਾ ਵਿਰੋਧ ਕੀਤਾ। ਉਹਨਾਂ ਦੀ ਮਾਤਾ ਸ੍ਰੀਮਤੀ ਅਸੰਤੋਸ਼ ਮੁਖਰਜੀ ਨੇ ਸੰਸਦ ਤੋਂ ਬਾਹਰ ਔਰਤਾਂ ਦੀ ਅਗਵਾਈ ਕਰਦਿਆਂ ਹਿੰਦੂ ਕੋਡ ਬਿਲ ਵਿਰੁਧ ਪ੍ਰਦਰਸ਼ਨ ਕੀਤਾ। ਡਾ. ਮੁਖਰਜੀ ਨੇ ਆਪਣੇ ਵਿਰੋਧ ਵਿਚ ਕਿਹਾ ਕਿ ਹਿੰਦੂ ਵਿਆਹ ਅਟੁੱਟ ਅਤੇ ਪਵਿੱਤਰ ਬੰਧਨ ਹੈ। ਹਿੰਦੂ ਦਾ ਵਿਆਹ ਤੋਂ ਬਾਅਦ ਕਦੇ ਵੀ ਤਲਾਕ ਨਹੀਂ ਹੋ ਸਕਦਾ। ਸਲੈਕਟ ਕਮੇਟੀ ਜਿਸਨੂੰ ਹਿੰਦੂ ਕੋਡ ਬਿਲ ਤੇ ਵਿਚਾਰ ਕਰਨ ਲਈ ਨਿਯੁਕਤ ਕੀਤਾ ਸੀ ਤੇ 33 ਮੈਂਬਰ ਵਿਰੋਧ ਵਿਚ ਸਨ ਅਤੇ ਸਿਰਫ 2 ਮੈਂਬਰਾਂ ਨੇ ਹਮਾਇਤ ਕੀਤੀ। ਅਚਾਰੀਆਂ ਕ੍ਰਿਪਲਾਨੀ ਵੀ ਬਿਲ ਦਾ ਵਿਰੋਧ ਕਰ ਰਹੇ ਸਨ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਸੁਚੇਤਾ ਕ੍ਰਿਪਲਾਨੀ ਬਿਲ ਦੀ ਹਮਾਇਤ ਕਰ ਰਹੀ ਸੀ। ਇਸ ਤਰ੍ਹਾਂ ਹਿੰਦੂਕੋਡ ਬਿਲ 'ਤੇ ਮੀਆਂ ਬੀਵੀ ਸੰਸਦ ਵਿਚ ਭਿੜੇ। ਬਿਲ 'ਤੇ 30 ਘੰਟੇ 28 ਮਿੰਟ ਬਹਿਸ ਚਲੀ। ਪਰ ਨਤੀਜਾ ਕੋਈ ਨਾ ਨਿਕਲਿਆ।

ਬਿਲ ਦੇ ਮੁੱਖ ਉਦੇਸ਼ਾਂ ਦੀ ਵਿਆਖਿਆ ਕਰਦਿਆਂ ਡਾ. ਭੀਮ ਰਾਓ ਅੰਬੇਦਕਰ ਨੇ ਆਪਣੇ ਭਾਸ਼ਣ ਵਿਚ ਇਉਂ ਕਿਹਾ ਕਿ ਮੈਂ ਸਦਨ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਹਿੰਦੂ ਸੰਸਕ੍ਰਿਤੀ ਅਤੇ ਹਿੰਦੂ ਸਮਾਜ ਨੂੰ ਬਚਾਉਣਾ ਚਾਹੁੰਦੇ ਹੋ, ਜਿਥੋਂ ਤਕ ਵੀ ਸੁਧਾਰਾਂ ਦੀ ਲੋੜ ਹੈ ਸੁਧਾਰ ਕਰਨ ਤੋਂ ਕਦੇ ਵੀ ਝਿਝਕਣਾ ਨਹੀਂ ਚਾਹੀਦਾ। ਹਿੰਦੂ ਕੋਡ ਬਿਲ ਸਿਸਟਮ ਦੇ ਉਨ੍ਹਾਂ ਭਾਗਾਂ ਦੀ ਮੁਰੰਮਤ ਕਰਦਾ ਹੈ ਜੋ ਕਿ ਟੁਟੇ ਭਜੇ ਹੋਏ ਹਨ। ''ਮਹਾਨ ਰਾਜਨੀਤਕ ਐਡਮੰਡ ਬਰਕ ਨੇ ਫਰਾਸੀਸੀ ਕ੍ਰਾਂਤੀ ਦੇ ਵਿਰੁਧ ਉਸ ਦੇ ਮੂਲਵਾਦੀ ਅਤੇ ਇਨਕਲਾਬਵਾਦੀ ਹੋਣ ਕਰਕੇ ਇਕ ਵਡਾ ਗ੍ਰੰਥ ਲਿਖਿਆ ਸੀ। ਇਸ ਗ੍ਰੰਥ ਵਿਚ ਆਪਣੇ ਦੇਸ਼ਵਾਸੀਆਂ ਨੂੰ ਉਹ ਇਹ ਗੱਲ ਕਹਿਣੋ ਨਹੀਂ ਭੁੱਲਿਆ ਕਿ ਜੋ ਲੋਕ ਪੁਰਾਤਨ ਨੂੰ ਸੁਰਖਿਅਤ ਰਖਣਾ ਚਾਹੁੰਦੇ ਹਨ ਉਨ੍ਹਾਂ ਨੂੰ ਸਮਾਜੀ ਮੁਰੰਮਤ ਕਰਨੀ, ਯਾਨੀ ਸੋਧ ਸੁਧਾਰਾਂ ਵਾਸਤੇ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਦੋ ਦਿਨਾਂ ਬਾਅਦ 19 ਸਤੰਬਰ ਨੂੰ ਪੰਡਤ ਜਵਾਹਰ ਲਾਲ ਨਹਿਰੂ ਨੇ ਰੂੜੀਵਾਦੀਆਂ ਮੂਹਰੇ ਗੋਡੇ ਟੇਕ ਦਿੱਤੇ ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਉਸ ਵਕਤ ਬ੍ਰਾਹਮਣਵਾਦੀ ਲੋਕ ਕਾਂਗਰਸ ਵਿਚ ਕਿੰਨੇ ਔਰਤ ਵਿਰੋਧੀ ਸਨ। ਇਸ 'ਤੇ ਗੁੱਸੇ ਵਿਚ ਆ ਕੇ ਬਾਬਾ ਸਾਹਬ ਅੰਬੇਦਕਰ ਨੇ ਜਵਾਹਰ ਲਾਲ ਨਹਿਰੂ ਸਰਕਾਰ ਦੇ ਕਾਨੂੰਨ ਮੰਤਰੀ ਪਦ ਤੋਂ ਅਸਤੀਫਾ ਦੇ ਦਿੱਤਾ ਉਹਨਾਂ ਦੇ ਤਿਆਗ ਪੱਤਰ 'ਤੇ ਰੋਜ਼ਾਨਾ ਨੈਸ਼ਨਲ ਹੈਰਲਡ ਨੇ ਲਿਖਿਆ ਕਿ ਭਾਰਤ ਵਿਚ ਡਾ. ਭੀਮ ਰਾਓ ਅੰਬੇਡਕਰ ਜਿਹੇ ਰਾਜਨੇਤਾ ਬਹੁਤ ਘੱਟ ਹਨ ਜੋ ਪ੍ਰਸਾਰ, ਵਿੱਤ, ਉਦਯੋਗ ਦਾ ਕਾਰਜਭਾਰ ਦੇਖ ਸਕਦੇ ਹਨ। ਸਰਕਾਰ ਨੂੰ ਜੋ ਘਾਟ ਹੋਈ ਹੈ ਉਸ ਦਾ ਲਾਭ ਅੱਗੇ ਤੋਂ ਵਿਰੋਧੀ ਦਲ ਨੂੰ ਹੋਵੇਗਾ। ਇਸੇ ਤਰ੍ਹਾਂ 'ਟਾਈਮਜ਼ ਆਫ ਇੰਡੀਆ. ਨੇ ਆਪਣੇ ਸੰਪਾਦਕੀ ਲੇਖ ਵਿਚ ਲਿਖਿਆ ਕਿ ਭਾਰਤ ਡਾ. ਅੰਬੇਦਕਰ ਜਿਹੇ ਯੋਗ ਸਿਆਸਤਦਾਨ ਦੀਆਂ ਸੇਵਾਵਾਂ ਖੁੱਸਣੀਆਂ ਸਹਿਣ ਨਹੀਂ ਕਰ ਸਕਦਾ। ਇਹ ਨਿੱਜੀ ਅਤੇ ਕੌਮੀ ਨੁਕਸਾਨ ਹੋਵੇਗਾ ਜੇਕਰ ਅੰਬੇਦਕਰ ਕੌਮੀ ਟੀਚੇ ਤੋਂ ਪਿੱਛੇ ਹਟਣਗੇ। ਉਹ ਚਟਾਨ ਜਿਹੇ ਮਿੱਤਰ ਅਤੇ ਇਸਪਾਤ ਜਿਹੇ ਦੁਸ਼ਮਣ ਹੋਣਗੇ। ਕਿਉਂਕਿ ਪਿਛਲੇ ਕੁਝ ਵਰਿਆਂ ਵਿਚ ਉਨ੍ਹਾਂ ਨੇ ਬਹੁਤ ਹੀ ਉਸਾਰੂ ਕੰਮਾਂ ਵਿਚ ਆਪਣਾ ਯੋਗਦਾਨ ਪਾਇਆ ਹੈ। ਇਸ ਘਟਨਾ ਤੋਂ ਬਾਅਦ ਬਾਬਾ ਸਾਹਬ ਅੰਬੇਦਕਰ ਦਸਿਆ ਕਿ ਬ੍ਰਾਹਮਣ ਲੌਬੀ ਇਸ ਕਰਕੇ ਖਫਾ ਸੀ ਕਿ ਅਗਰ ਹਿੰਦੂ ਕੋਡ ਬਿਲ ਸੂਦਰ ਹਥੋਂ ਪਾਸ ਕਰਵਾਉਣਾ ਹੈ ਤਾਂ ਇਹ ਬ੍ਰਾਹਮਣਾ ਦੇ ਮੱਥੇ 'ਤੇ ਕਲੰਕ ਹੋਵੇਗਾ। ਅਗੇ ਜਾ ਕੇ ਆਪਣੇ ਮਿੱਤਰਾਂ ਨੂੰ ਬਾਬਾ ਸਾਹਬ, ਅੰਬੇਡਕਰ ਨੇ ਦਸਿਆ ਕਿ ਉਸ ਵਕਤ ਦੇ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਤੇ ਰਾਸ਼ਟਰਪਤੀ ਡਾ. ਰਜਿੰਦਰ ਪ੍ਰਸ਼ਾਦ ਨੇ ਏਨਾ ਕਲਪਾਇਆ ਕਿ ਆਪਣੇ ਰਾਸ਼ਟਰਪਤੀ ਪਦ ਤੋਂ ਅਸਤੀਫਾ ਦੇ ਦੇਣ ਦੀ ਧਮਕੀ ਤਕ ਦੇ ਦਿੱਤੀ। ਜਿਸ ਕਰਕੇ ਪੰਡਤ ਨਹਿਰੂ ਨੂੰ ਗੋਡੇ ਟੇਕਣੇ ਪਏ। ਫਿਰ ਬਾਬਾ ਸਾਹਬ ਅੰਬੇਦਕਰ ਨੇ ਦਸਿਆ ਕਿ ਅਗਲੀ ਲੋਕ ਸਭਾ ਦੇ ਵਿਚ ਮੇਰੇ ਹੀ ਬ੍ਰਾਹਮਣ ਕਲਾਸ ਫੈਲੋ ਨੂੰ ਭਾਰਤ ਦਾ ਕਾਨੂੰਨ ਮੰਤਰੀ ਬਣਾ ਕੇ ਹਿੰਦੂ ਕੋਡ ਬਿਲ ਪਾਸ ਕੀਤਾ ਗਿਆ। ਇਸ ਦੇ ਮਜ਼ਾਕੀਆਂ ਲਹਿਜੇ ਆਪਣੇ ਮਿੱਤਰਾਂ ਨੂੰ ਦਸਦੇ ਹੋਏ ਬਾਬਾ ਸਾਹਬ ਅੰਬੇਦਕਰ ਨੇ ਕਿਹਾ ਕਿ ਬ੍ਰਾਹਮਣਾ ਦਾ ਇਕ ਨੰਬੂਦਰੀਪਾਦ ਗੋਤਰ ਹੈ। ਉਸ ਗੋਤਰ ਦੇ ਲੜਕੇ ਨੇ ਇਕ ਸ਼ੂਦਰ ਲੜਕੀ ਨਾਲ ਸ਼ਾਦੀ ਕਰ ਲਈ। ਜਦੋਂ ਉਹ ਆਪਣੇ ਸਹੁਰੇ ਜਾਂਦਾ ਤਾਂ ਨਾਂ ਤਾਂ ਉਨ੍ਹਾਂ ਦੇ ਘਰ ਦਾ ਖਾਣਾ ਖਾਂਦਾ ਤੇ ਨਾ ਹੀ ਪਾਣੀ ਪੀਂਦਾ। ਜਦੋਂ ਕਦੇ ਪਿਆਸ ਲਗਦੀ ਉਹ ਆਪਣੀ ਘਰਵਾਲੀ ਨੂੰ ਕਹਿੰਦਾ ਕਿ ਪਹਿਲਾਂ ਪਾਣੀ ਦੀ ਚੂਲੀ ਤੁਸੀਂ ਆਪਦੇ ਮੂੰਹ ਵਿਚ ਭਰੋ ਫਿਰ ਮੇਰੇ ਮੂੰਹ ਵਿਚ ਪਾਵੋ। ਇਸ ਹਿੰਦੂ ਕੋਡ ਬਿਲ ਨਾਲ ਇਸੇ ਤਰ੍ਹਾਂ ਹੀ ਵਾਪਰਿਆ।

ਇਸ ਬਿਲ ਦੇ ਪਾਸ ਹੋਣ ਤੋਂ ਬਾਅਦ ਔਰਤ ਵਰਗ ਨੂੰ ਭਾਰਤ ਦੇ ਹਰ ਇਕ ਖੇਤਰ ਵਿਚ ਅਹਿਮ ਮੱਲਾਂ ਮਾਰਦੇ ਦੇਖ ਰਹੇ ਹੋ। ਪਰ ਇਸ ਹਿੰਦੂ ਕੋਡ ਬਿਲ ਦਾ ਸਭ ਤੋਂ ਜ਼ਿਆਦਾ ਫਾਇਦਾ ਸਵਰਨ ਜਾਤੀਆਂ ਨੇ ਉਠਾਇਆ ਹੈ। ਸੂਦਰ, ਅਤੀ ਸੂਦਰ ਔਰਤ ਵਰਗ ਬਹੁਤ ਪਿਛੇ ਹੈ। ਜਿਸਨੂੰ ਦੂਜਿਆਂ ਦੇ ਬਰਾਬਰ ਆਉਣ ਲਈ ਪੜ੍ਹਾਈ ਦੇ ਖੇਤਰ ਵਿਚ ਬਹੁਤ ਮਿਹਨਤ ਕਰਨ ਦੀ ਲੋੜ ਹੈ। ਔਰਤ ਵਰਗ ਨੂੰ ਮਹਾਤਮਾ ਜਯੋਤੀ ਰਾਓ ਫੂਲੇ ਅਤੇ ਡਾ. ਭੀਮ ਰਾਓ ਅੰਬੇਦਕਰ ਦੇ ਬਹੁਤ ਅਹਿਸਾਨ ਮੰਦ ਹੋਣਾ ਚਾਹੀਦਾ ਹੈ, ਜਿਨ੍ਹਾਂ ਨੇ ਔਰਤ ਮੁਕਤੀ ਲਈ ਏਨਾ ਵਡਾ ਯੋਗਦਾਨ ਪਾਇਆ।

TRUTH IS THE HIGHEST OF ALL THINGS: HIGHER STILL IS TRUTHFUL LIVING-GURU NANAK DEV JI

# AKALI SINGH SIKH SOCIETY

ਦੇਗ ਤੇਗ ਫਤਹਿ

1890 - SKEENA STREET, VANCOUVER, B.C., CANADA
Phone: (604) 254-2117 Fax: (604) 254-5309

ਪੰਥ ਕੀ ਜੀਤ



# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ

# ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਸਭ ਸੰਗਤਾਂ ਵੱਲੋਂ ਖਾਲਸੇ ਦਾ ਜਨਮ ਦਿਹਾੜਾ ਬੜੀ ਸ਼ਰਧਾ ਨਾਲ ਮਨਾਣ ਹਿੱਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਅਕਾਲੀ ਸਿੱਖ ਸੁਸਾਇਟੀ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਹੋ ਰਹੇ ਹਨ। ਇਸੇ ਦਿਹਾੜੇ ਤੇ ਸਾਰੀ ਸੇਵਾ ਭਾਈ ਸੋਹਨ ਸਿੰਘ ਅਤੇ ਬੀਬੀ ਮੋਹਿੰਦਰ ਕੌਰ ਮੇਟ ਵੱਲੋਂ ਵਾਹਿਗੁਰੂ ਜੀ ਦਾ ਸ਼ੁਕਰਾਨਾ ਕਰਨ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਦੇ ਅਰਦਾਸ ਕਰਨ ਲਈ ਕੀਤੀ ਜਾ ਰਹੀ ਹੈ।

## ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

**ਅਰੰਭ ਸ੍ਰੀ ਅਖੰਡ ਪਾਠ ਸਾਹਿਬ 11 ਅਪ੍ਰੈਲ 2025, ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ 13 ਅਪ੍ਰੈਲ 2025, ਦਿਨ ਐਤਵਾਰ ਸਵੇਰੇ 9:30 ਵਜੇ**

ਭੋਗ ਉਪਰੰਤ ਗੁਰੂ ਘਰ ਦੇ ਕੀਰਤਨੀਏ ਜਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂ ਘਰ ਪਹੁੰਚ ਕੇ ਸੇਵਾ ਵਿੱਚ ਹੱਥ ਵਟਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਆਪ ਜੀ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰੂ ਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ
ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ।

- 11 12 ਅਤੇ 13 ਅਪ੍ਰੈਲ ਖਾਲਸੇ ਦਾ ਜਨਮ ਦਿਹਾੜਾ ਮਨਾਉਣ ਹਿੱਤ ਸ੍ਰੀ ਅਖੰਡ ਪਾਠ ਸਾਹਿਬ ਹੋਣਗੇ ਲੰਗਰ ਦੀ ਸੇਵਾ ਸੌਣ ਸਿੰਘ ਮੇਟ ਅਤੇ ਪਰਿਵਾਰ ਵੱਲੋਂ ਹੋਵੇਗੀ।
- 12 ਅਪ੍ਰੈਲ ਦਿਨ ਸਨਿਚਰਵਾਲ ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਇੰਦਰਜੀਤ ਕੌਰ ਮਾਹਲ ਅਤੇ ਪਰਿਵਾਰ ਵੱਲੋਂ ਹੋਵੇਗੀ।
- 18 19 ਅਤੇ 20 ਅਪ੍ਰੈਲ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਭਾਈ ਮੋਹਿੰਦਰ ਸਿੰਘ ਮਿਨਹਾਸ ਅਤੇ ਪਰਿਵਾਰ ਵੱਲੋਂ ਹੋਵੇਗੀ।
- 19 ਅਪ੍ਰੈਲ ਦਿਨ ਸ਼ਨਿਚਰਵਾਰ ਸਵੇਰ ਨੂੰ ਲੰਗਰ ਦੀ ਸੇਵਾ ਭਾਈ ਰਛਪਾਲ ਸਿੰਘ ਸੰਘੇੜਾ ਅਤੇ ਪਰਿਵਾਰ ਵੱਲੋਂ ਹੋਵੇਗੀ।
- ਅੰਮ੍ਰਿਤ ਸੰਚਾਰ 12 ਅਪ੍ਰੈਲ 2025 ਦਿਨ ਸ਼ਨਿਚਰਵਾਰ ਨੂੰ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਜਾਵੇਗਾ। ਅੰਮ੍ਰਿਤ ਅਭਿਲਾਖੀ ਆਪਣੇ ਨਾਮ ਪ੍ਰਬੰਧਕਾਂ ਪਾਸ ਲਿਖਵਾਉਣ ਦੀ ਕਿਰਪਾਲਤਾ ਕਰਨ ਜੀ।

ਨਿਸ਼ਾਨ ਸਾਹਿਬ ਦੀ ਸੇਵਾ 13 ਅਪ੍ਰੈਲ 2025 ਦਿਨ ਐਤਵਾਰ ਨੂੰ ਬਾਅਦ ਦੁਪਹਿਰ 1 ਵਜੇ ਨਿਸ਼ਾਨ ਸਾਹਿਬ ਦਾ ਚੋਲਾ ਬਦਲੀ ਕੀਤਾ ਜਾਵੇਗਾ।
ਸਰਬੱਤ ਸੰਗਤ ਨੂੰ ਬੇਨਤੀ ਹੈ ਕਿ ਇਸ ਸਮੇਂ ਵੀ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

**ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।**

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5:00 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਅਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦੀਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।

**ਪਿਆਰਾ ਸਿੰਘ ਬੱਸਨ : 604-254-2117, 604-254-3572, 604-325-0891**

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ

ਗੁਰਦੁਆਰਾ ਸਾਹਿਬ ਦਾ ਫੋਨ ਨੰਬਰ : (604) 254-2117

7 ਅਪ੍ਰੈਲ ਵਿਸ਼ਵ ਸਿਹਤ ਦਿਵਸ 'ਤੇ ਵਿਸ਼ੇਸ਼

# "ਚੰਗੀ ਸਿਹਤ ਮਨੁੱਖ, ਸਮਾਜ ਅਤੇ ਦੇਸ਼ ਲਈ ਅਮੁੱਲ ਖਜ਼ਾਨਾ"

**ਲੇਖਕ : ਕੁਲਦੀਪ ਸਿੰਘ ਸਾਹਿਲ, 9417990040**

ਵਿਸ਼ਵ ਸਿਹਤ ਦਿਵਸ ਦੀ ਸ਼ੁਰੂਆਤ 7 ਅਪ੍ਰੈਲ, 1948 ਨੂੰ ਵਿਸ਼ਵ ਸਿਹਤ ਸੰਗਠਨ ਦੁਆਰਾ ਕੀਤੀ ਗਈ ਸੀ, ਇਸੇ ਲਈ ਪੂਰੀ ਦੁਨੀਆਂ ਵਿੱਚ ਵਿਸ਼ਵ ਸਿਹਤ ਦਿਵਸ ਹਰ ਸਾਲ 7 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ ਜਿਸਦਾ ਦਾ ਮਕਸਦ ਲੋਕਾਂ ਨੂੰ ਲਾਇਲਾਜ ਬਿਮਾਰੀਆਂ ਨਾਲ ਨਜਿੱਠਣ ਲਈ ਜਾਗਰੂਕ ਕੀਤਾ ਜਾਂਣਾ ਹੈ ਅਤੇ ਇਸ ਦਿਨ ਹੋਰ ਬਹੁਤ ਸਾਰੀਆਂ ਬਿਮਾਰੀਆਂ ਤੋਂ ਕਿਵੇਂ ਬਚਿਆ ਜਾਵੇ ਇਸ ਬਾਰੇ ਵੀ ਬਹੁਤ ਸਾਰੇ ਸੈਮੀਨਾਰ ਆਦਿ ਕਰਵਾਏ ਜਾਂਦੇ ਹਨ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਸ ਦਿਨ ਚੰਗੀ ਸਿਹਤ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ। ਕਹਿੰਦੇ ਹਨ ਕਿ ਇਨਸਾਨ ਖੁਦ ਤੰਦਰੁਸਤ ਹੈ ਤਾਂ ਉਸਦਾ ਪਰਿਵਾਰ ਤੰਦਰੁਸਤ ਰਹੇਗਾ ਪਰਿਵਾਰ ਤੰਦਰੁਸਤ ਹੈ ਤਾਂ ਸਮਾਜ ਤੰਦਰੁਸਤ ਰਹੇਗਾ ਜੇਕਰ ਸਮਾਜ ਤੰਦਰੁਸਤ ਹੋਵੇਗਾ ਤਾਂ ਉਥੋਂ ਦਾ ਮੁਲਕ ਵੀ ਖੁਸ਼ਹਾਲ ਅਤੇ ਤੰਦਰੁਸਤ ਰਹੇਗਾ। ਇਹ ਕਹਿਣਾ ਆਸਾਨ ਹੈ ਪਰ ਕਿਸੇ ਪ੍ਰਦੂਸ਼ਣ ਭਰਭੂਰ ਸ਼ਹਿਰ ਅਤੇ ਦੇਸ਼ ਵਿੱਚ ਅਪਣੇ ਆਪ ਨੂੰ ਪੂਰੀ ਤਰ੍ਹਾਂ ਤੰਦਰੁਸਤ ਰੱਖਣਾ ਇਨ੍ਹਾਂ ਆਸਾਨ ਨਹੀਂ ਜਿਨ੍ਹਾਂ ਅਸੀਂ ਸੋਚਦੇ ਹਾਂ। ਜਪਾਨ, ਨਾਰਵੇ, ਸਪੇਨ, ਸਿੰਘਾਪੁਰ, ਅਤੇ ਸਵਿਟਜ਼ਰਲੈਂਡ ਆਦਿ ਦੇਸ਼ ਦੁਨੀਆਂ ਦੇ ਬੇਹਤਰੀਨ ਖੁਸ਼ਹਾਲ ਅਤੇ ਸਿਹਤਮੰਦ ਦੇਸ਼ ਗਿਣੇ ਜਾਂਦੇ ਹਨ ਜਿਸ ਦਾ ਵੱਡਾ ਕਾਰਨ ਉਥੋ ਦਾ ਜਲਵਾਯੂ, ਖਾਣਪੀਣ, ਪ੍ਰਦੂਸ਼ਣ ਰਹਿਤ ਹਵਾ,ਪਾਣੀ ਅਤੇ ਉਥੋਂ ਦੇ ਚੰਗੇ ਸਿਹਤ ਅਤੇ ਰਾਜਨੀਤਕ ਸਿਸਟਮ ਨੂੰ ਮੰਨਿਆ ਗਿਆ ਹੈ। ਉਥੋਂ ਦੀ ਵਿਕਾਸਸ਼ੀਲਤਾ ਅਤੇ ਖੁਸ਼ਹਾਲੀ ਦਾ ਕਾਰਨ ਵੀ ਤੰਦਰੁਸਤ ਲੋਕ,ਸਮਾਜ ਅਤੇ ਤੰਦਰੁਸਤ ਦੇਸ਼ ਨੂੰ ਮੰਨਿਆ ਗਿਆ ਹੈ। ਜੇਕਰ ਦੇਖਿਆ ਜਾਵੇ ਤਾਂ ਸਿਹਤ ਹਰ ਮਨੁੱਖ ਦੀ ਜ਼ਿੰਦਗੀ ਵਿਚ ਇੱਕ ਬਹੁਤ ਹੀ ਮਹੱਤਵਪੂਰਨ ਸਥਾਨ ਰੱਖਦੀ ਹੈ ਜੇਕਰ ਸਾਡੀ ਸਿਹਤ ਹੀ ਠੀਕ ਨਹੀਂ ਤਾਂ ਧੰਨ ਦੌਲਤ ਅਤੇ ਅਮੀਰੀ ਸਾਡੇ ਲਈ ਕੋਈ ਵੀ ਮਾਇਨੇ ਨਹੀਂ ਰੱਖਦੀ ਭਾਰਤ ਵਿੱਚ ਅੱਜ ਤੋਂ ਤਕਰੀਬਨ 40 ਕੁ ਸਾਲ ਪਹਿਲਾਂ ਲੋਕੀ ਅੱਜ ਨਾਲੋਂ ਜ਼ਿਆਦਾ ਤੰਦਰੁਸਤ ਰਹਿੰਦੇ ਸਨ ਉਨ੍ਹਾਂ ਦੀ ਤੰਦਰੁਸਤੀ ਦਾ ਰਾਜ਼ ਮਾਨਸਿਕ ਤਨਾਅ ਦਾ ਘੱਟ ਹੋਣਾ, ਦੇਸੀ ਖਾਣਾ ਪੀਣਾ, ਸਰੀਰਕ ਖੇਡਾਂ ਆਦਿ ਸੀ ਹੁਣ ਬਹੁਤ ਕੁਝ ਬਦਲ ਚੁੱਕਾ ਹੈ ਬੱਚੇ ਦੇਸੀ ਖਾਣ ਪੀਣ ਛੱਡ




ਕੇ ਫਾਸਟ ਫੂਡ ਵੱਲ ਨੂੰ ਤੁਰ ਪਏ ਹਨ ਅਤੇ ਸਰੀਰਕ ਖੇਡਾਂ ਛੱਡ ਕੇ ਕੰਪਿਊਟਰ ਗੇਮਾਂ ਖੇਡਣ ਦੇ ਸ਼ੌਕੀਨ ਬਣ ਚੁੱਕੇ ਹਨ ਸਰੀਰਕ ਕੰਮ ਬਹੁਤ ਘੱਟ ਚੁੱਕਾ ਹੈ ਹਰ ਇੱਕ ਚੀਜ਼ ਮਿਲਾਵਟ ਵਾਲੀ ਮਿਲ ਰਹੀ ਹੈ ਪ੍ਰਦੂਸ਼ਣ ਪਹਿਲਾਂ ਨਾਲੋਂ ਕਈ ਗੁਣਾ ਵੱਧ ਚੁੱਕਾ ਹੈ ਸ਼ਾਇਦ ਇਹੀ ਕਾਰਨ ਹੈ ਕਿ ਅੱਜ ਲੋਕ ਪਹਿਲਾਂ ਵਾਂਗ ਤੰਦਰੁਸਤ ਅਤੇ ਖੁਸ਼ਹਾਲ ਨਹੀਂ ਹਨ ਹੁਣ ਲੋਕ ਸਿਰਫ ਘਰਾਂ ਦੀ ਚਾਰਦੀਵਾਰੀ ਵਿਚ ਮੋਬਾਈਲ ਦੇ ਗੁਲਾਮ ਬਣ ਕੇ ਰਹਿ ਗਏ ਹਨ ਇੰਜ ਲਗਦਾ ਹੈ ਕਿ ਪਹਿਲਾਂ ਵਰਗਾ ਆਪਣਾਪਣ, ਖੁਲਾਪਣ ਅਤੇ ਭਾਈਚਾਰਾ ਕਿਧਰੇ ਗੁਆਚ ਗਿਆ ਹੈ ਹੁਣ ਪਹਿਲਾਂ ਵਰਗੀ ਜੀਵਨ ਸ਼ੈਲੀ ਨਹੀਂ ਰਹੀ ਸਾਇਦ ਇਹੀ ਕਾਰਨ ਹੈ ਕਿ ਹੁਣ ਹਰ ਵਿਅਕਤੀ ਬੀ.ਪੀ. ਸ਼ੂਗਰ, ਕੈਂਸਰ, ਵਰਗੀਆਂ ਬਿਮਾਰੀਆਂ ਨਾਲ ਜੂਝ ਰਿਹਾ ਹੈ ਕਿਸੇ ਸਮੇਂ ਖੇਡਾ ਦੇ ਵਿੱਚ ਜਿੱਥੇ ਸਾਡੀ ਜਵਾਨੀ ਕਬੱਡੀ, ਕੁਸ਼ਤੀ ਦੇ ਅਖਾੜਿਆਂ ਦਾ ਸਿੰਗਾਰ ਸੀ। ਅੱਜ ਇਲੈਕਟ੍ਰੋਨਿਕ ਮੀਡੀਆ ਨੇ ਸਭ ਬਦਲ ਦਿੱਤਾ ਹੈ । ਬੱਚੇ ਵੀਡੀਓ ਗੇਮਸ, ਮੋਬਾਇਲ 'ਚ ਗੇਮਸ ਤੇ ਕੰਪਿਊਟਰ ਦਾ ਹਿੱਸਾ ਬਣ ਰਹਿ ਗਏ ਹਨ। ਸੈਲਫੀਆ ਖਿੱਚਦਾ ਬੰਦਾ ਸਿਰਫ਼ ਇੱਕਲੇ ਹੋਣ ਤੇ ਸਿਹਤਮੰਦ ਨਾ ਹੋਣ ਦੀ ਨਿਸ਼ਾਨੀ ਦਾ ਪ੍ਰਤੀਕ ਹੈ। ਧੰਨ ਸਨ ਉਹ ਸਾਡੀਆਂ ਮਾਂਵਾਂ, ਦਾਦੀਆਂ ਤੇ ਨਾਨੀਆਂ ਜੋ ਵੱਡੇ ਵੱਡੇ ਟੱਬਰਾਂ ਨੂੰ ਪਾਲਦੀਆਂ ਹੋਈਆਂ ਵੀ ਤੰਦਰੁਸਤ ਰਹਿੰਦੀਆਂ ਸਨ ਅਤੇ ਉਨ੍ਹਾਂ ਦੀ ਤੰਦਰੁਸਤੀ ਦਾ ਵੱਡਾ ਰਾਜ਼ ਹੱਥੀ ਕੰਮ ਕਰਨਾ ਸੀ ਤੇ ਉਹ ਨਰਮਾ ਕਪਾਹ ਦੀਆਂ ਛਿਟੀਆਂ ਤੇ ਪਾਥੀਆਂ ਦੀ ਅੱਗ ਤੇ ਹੀ ਵੀਹ ਵੀਹ ਬੰਦਿਆਂ ਦੀ ਰੋਟੀ ਬਣਾ ਲੈਂਦੀਆਂ ਸਨ ਪ੍ਰੰਤੂ ਅੱਜ ਕੱਲ੍ਹ ਦੀਆ ਬੀਬੀਆ ਇੱਕ ਦੋ ਜੀਆ ਦੀ ਰੋਟੀ ਗੈਸ ਤੇ ਬਣਾਉਣ 'ਚ ਵੀ ਆਨਾ-ਕਾਨੀ ਕਰਦੀਆਂ ਹਨ। ਅੱਜ ਸਾਡੇ ਘਰਾਂ ਤੋਂ ਲੋਂਗ, ਲਾਚੀ, ਸੁੰਢ ਅਜਵਾਇਣ, ਗੁੰਮ ਹੋ ਰਹੇ ਹਨ। ਉਹਨਾਂ ਦੀ ਥਾਂ ਕਫ ਕਰੋਸੀਨ, ਡਿਸਪਰੀਨ, ਆਦਿ ਦਵਾਈਆਂ ਦੇਖੀਆਂ ਜਾ ਸਕਦੀਆਂ ਹਨ ਜੋ ਕਿ ਮਾੜੀ ਸਿਹਤ ਦਾ ਸੰਕੇਤ ਦਿੰਦੀਆਂ ਹਨ। ਅੱਜ ਦੇ ਮਰਦ ਸਮਾਜ ਨੇ ਵੀ ਹੱਥੀ ਕੰਮ ਕਰਨਾ ਘੱਟ ਕਰ ਦਿੱਤਾ ਹੈ ਤੇ ਲੱਗਭਗ ਮਸ਼ੀਨਰੀਆਂ ਤੇ ਨਿਰਭਰ ਹੋ ਚੁੱਕਾ ਹੈ ਤੇ ਦੂਜੇ ਪਾਸੇ ਦੁੱਧ, ਫਲ, ਸਬਜ਼ੀਆਂ ਦਾ ਉਤਪਾਦਨ ਘਟਦਾ ਜਾ ਰਿਹਾ ਹੈ ਅਤੇ ਮੰਗ ਵੱਧ ਰਹੀ ਹੈ ਜਿਸ ਕਰਕੇ ਨਕਲੀ ਦੁੱਧ ਘਿਓ ਅਤੇ ਟੀਕੇ ਅਤੇ ਦਵਾਈਆਂ ਵਾਲੀਆਂ ਫ਼ਸਲਾ ਤਿਆਰ ਕਰ ਸਿਹਤ ਨਾਲ ਸਿੱਧਾ ਖਿਲਵਾੜ ਹੋ ਰਿਹਾ ਹੈ । ਚੰਗੀ ਸਿਹਤ ਤੇ ਖੁਰਾਕ ਦੀ ਥਾਂ ਸ਼ੋਸ਼ੇਬਾਜ਼ੀ ਦੀ ਲਪਟ-ਝਪਟ ਤੇ ਹਾਰ-ਸਿੰਗਾਰ ਪੱਛਮੀ ਪਹਿਰਾਵੇ ਨੇ ਸਾਨੂੰ ਆਲਸੀ ਰਹਿਣ ਤੱਕ ਸੀਮਤ ਕਰ ਦਿੱਤਾ ਹੈ । ਜੇਕਰ ਅਸੀਂ ਆਪਣੇ ਆਪ, ਪਰਿਵਾਰ, ਸਮਾਜ ਅਤੇ ਦੇਸ਼ ਦੇ ਵਿਕਾਸ 'ਚ ਵਾਧਾ ਕਰਨਾ ਹੈ ਤਾਂ ਸਭ ਤੋਂ ਪਹਿਲਾ ਚੰਗੀ ਸਿਹਤ , ਤੰਦਰੁਸਤੀ ਅਤੇ ਮਾਨਸਿਕ ਤੌਰ 'ਤੇ ਖੁੱਲਾ ਪਣ ਲਿਆਉਣਾ ਬਹੁਤ ਜਰੂਰੀ ਹੈ ਤਾਂ ਹੀ ਸਾਡੀ, ਸਮਾਜ ਅਤੇ ਦੇਸ਼ ਦੀ ਖੁਸ਼ਹਾਲੀ ਦੀ ਰਫ਼ਤਾਰ 'ਚ ਨਿਖ਼ਾਰ ਆਵੇਗਾ। ਬੇਸ਼ੱਕ ਹੁਣ ਪਹਿਲਾਂ ਵਾਲਾ ਵਕਤ ਤਾਂ ਨਹੀਂ ਆ ਸਕਦਾ ਪਰ ਫਿਰ ਵੀ ਅਸੀਂ ਕੁਝ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੀ ਸਿਹਤ ਨੂੰ ਤੰਦਰੁਸਤ ਰੱਖ ਸਕਦੇ ਹਾਂ ਜਿਸ ਵਿੱਚ ਨੀਂਦ ਦਾ ਇੱਕ ਮਹੱਤਵਪੂਰਨ ਸਥਾਨ ਹੈ ਹਰ ਸਰੀਰ ਲੋੜ ਅਨੁਸਾਰ ਨੀਂਦ ਮੰਗਦਾ ਹੈ । ਕਸਰਤ, ਯੋਗਾ, ਅਤੇ ਸੈਰ ਵੀ ਸਰੀਰ ਲਈ ਜ਼ਰੂਰੀ ਹੈ। ਸਾਦਾ ਖਾਣ ਪੀਣ, ਨਸ਼ਿਆਂ ਤੋਂ ਦੂਰ ਰਹਿਣਾ, ਹੱਸਣਾ, ਖੇਡਣਾ ਖੁਸ਼ ਰਹਿਣਾ ਵੀ ਤੰਦਰੁਸਤ ਸਰੀਰ ਲਈ ਜ਼ਰੂਰੀ ਹਨ। ਵੱਡੀ ਉਮਰ ਦੇ ਲੋਕਾਂ ਨੂੰ ਸਮੇਂ ਸਮੇਂ ਸਿਰ ਸਰੀਰ ਦੇ ਟੈਸਟ ਕਰਵਾਉਂਦੇ ਰਹਿਣਾ ਚਾਹੀਦਾ ਹੈ । ਸਿਆਣੇ ਕਹਿੰਦੇ ਹਨ ਕਿ ਸਿਹਤ ਹੈ ਤਾਂ ਸਭ ਕੁਝ ਹੈ। ਗੁਰਦਾਸ ਮਾਨ ਨੇ ਵੀ ਸਿਹਤ ਬਾਰੇ ਬੜਾ ਵਧੀਆ ਲਿਖਿਆ ਹੈ।

ਬਾਕੀ ਦੇ ਕੰਮ ਬਾਅਦ ਚ,
ਪਹਿਲਾਂ ਸਿਹਤ ਜ਼ਰੂਰੀ ਏ,
ਸੈਰ ਸਪਾਟਾ ਯੋਗਾ
ਤੁਹਾਡੀ ਮਰਜੀ ਏ,
ਰੋਣੀ ਸੂਰਤ ਵਾਲਿਆਂ ਤੋਂ
ਮੈਨੂੰ ਬੜੀ ਅਲਰਜੀ ਏ,
ਹੱਸਣ ਵਾਲੇ ਚਾਹੂੰ
ਬੰਦਿਆਂ ਨੂੰ ਹੋਰ ਹਸਾ ਜਾਂਦੇ
ਰੋਣੀ ਸੂਰਤ ਵਾਲੇ ਘਰ
ਵਿੱਚ ਸੁਸਤੀ ਪਾ ਜਾਂਦੇ
ਕਈਆ ਦੇ ਮੂੰਹ ਲਿਖਿਆ
ਹੁੰਦਾ ਵੈਰੀ ਸੌਰੀ ਏ
ਬਾਕੀ ਦੇ ਕੰਮ ਬਾਅਦ ਚ,
ਪਹਿਲਾਂ ਸਿਹਤ ਏ ਜ਼ਰੂਰੀ ਏ,

**ਲੇਖਕ : ਵਿਜੈ ਗਰਗ**

# ਡੂੰਘੀ ਨੀਂਦ ਨਾਲ ਸਿਹਤ ਨੂੰ ਯਕੀਨੀ ਬਣਾਓ

ਹਰ ਰੋਜ਼ ਦੀ ਭੱਜ-ਦੌੜ ਤੋਂ ਬਾਅਦ ਚੰਗੀ ਅਤੇ ਸ਼ਾਂਤ ਨੀਂਦ ਲੈਣਾ ਹਰ ਕਿਸੇ ਲਈ ਬਹੁਤ ਜ਼ਰੂਰੀ ਹੈ। ਪਰ ਕੀ ਹੋਵੇਗਾ ਜੇਕਰ ਤੁਹਾਡੀ ਨੀਂਦ ਅਧੂਰੀ ਰਹੇ ਅਤੇ ਤੁਹਾਨੂੰ ਇਸਦਾ ਅਹਿਸਾਸ ਵੀ ਨਾ ਹੋਵੇ? ਨੀਂਦ ਦੌਰਾਨ ਘੁਰਾੜੇ ਆਉਣਾ ਜਾਂ ਸਾਹ ਰੁਕਣਾ ਬਹੁਤ ਸਾਰੇ ਲੋਕਾਂ ਨੂੰ ਆਮ ਲੱਗ ਸਕਦਾ ਹੈ, ਪਰ ਇਹ ਔਬਸਟ੍ਰਕਟਿਵ ਸਲੀਪ ਐਪਨੀਆ ਵਰਗੀ ਗੰਭੀਰ ਬਿਮਾਰੀ ਦਾ ਸੰਕੇਤ ਹੋ ਸਕਦਾ ਹੈ। ਇਹ ਸਮੱਸਿਆ ਨਾ ਸਿਰਫ਼ ਤੁਹਾਡੀ ਰੋਜ਼ਾਨਾ ਦੀ ਰੁਟੀਨ ਨੂੰ ਪ੍ਰਭਾਵਿਤ ਕਰ ਸਕਦੀ ਹੈ ਬਲਕਿ ਦਿਲ ਦੀ ਬਿਮਾਰੀ, ਸ਼ੂਗਰ ਅਤੇ ਹੋਰ ਗੰਭੀਰ ਸਿਹਤ ਸਮੱਸਿਆਵਾਂ ਦਾ ਕਾਰਨ ਵੀ ਬਣ ਸਕਦੀ ਹੈ। ਰੁਕਾਵਟੀ ਸਲੀਪ ਐਪਨੀਆ ਕੀ ਹੈ? ਔਬਸਟ੍ਰਕਟਿਵ ਸਲੀਪ ਐਪਨੀਆ ਇੱਕ ਨੀਂਦ ਵਿਕਾਰ ਹੈ ਜਿਸ ਵਿੱਚ ਸੌਂਦੇ ਸਮੇਂ ਸਾਹ ਲੈਣ ਵਿੱਚ ਵਾਰ-ਵਾਰ ਰੁਕਾਵਟ ਆਉਂਦੀ ਹੈ। ਇਹ ਰੁਕਾਵਟ ਉਪਰਲੇ ਸਾਹ ਦੀ ਨਾਲੀ ਵਿੱਚ ਰੁਕਾਵਟ ਕਾਰਨ ਹੁੰਦੀ ਹੈ, ਜੋ ਦਿਮਾਗ ਅਤੇ ਸਰੀਰ ਨੂੰ ਲੋੜੀਂਦੀ ਆਕਸੀਜਨ ਪ੍ਰਾਪਤ ਕਰਨ ਤੋਂ ਰੋਕਦੀ ਹੈ। ਦੁਨੀਆ ਭਰ ਵਿੱਚ 1 ਅਰਬ ਤੋਂ ਵੱਧ ਲੋਕ ਇਸ ਬਿਮਾਰੀ ਤੋਂ ਪ੍ਰਭਾਵਿਤ ਹਨ। ਭਾਰਤ ਵਿੱਚ ਲਗਭਗ 11 ਪ੍ਰਤੀਸ਼ਤ ਲੋਕ ਇਸ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ। ਇਹ ਸਮੱਸਿਆ ਔਰਤਾਂ ਦੇ ਮੁਕਾਬਲੇ ਮਰਦਾਂ ਵਿੱਚ ਦੁੱਗਣੀ ਜ਼ਿਆਦਾ ਪਾਈ ਜਾਂਦੀ ਹੈ। ਇਹ ਸਮੱਸਿਆ 2 ਤੋਂ 8 ਸਾਲ ਦੀ ਉਮਰ ਦੇ 1-5 ਪ੍ਰਤੀਸ਼ਤ ਬੱਚਿਆਂ ਵਿੱਚ ਵੀ ਦੇਖੀ ਜਾਂਦੀ ਹੈ। ਇਹ ਲੱਛਣ ਹਨ ਜੇਕਰ ਤੁਸੀਂ ਜਾਂ ਤੁਹਾਡੇ ਪਰਿਵਾਰ ਵਿੱਚ ਕੋਈ ਵਿਅਕਤੀ ਔਬਸਟ੍ਰਕਟਿਵ ਸਲੀਪ ਐਪਨੀਆ ਦੇ ਲੱਛਣਾਂ ਦਾ ਅਨੁਭਵ ਕਰ ਰਿਹਾ ਹੈ, ਤਾਂ ਇਸਨੂੰ ਨਜ਼ਰਅੰਦਾਜ਼ ਨਾ ਕਰੋ। ਸਲੀਪ ਐਪਨੀਆ ਦੇ ਕੁਝ ਲੱਛਣਾਂ ਨੂੰ ਜਾਣੋ ਜੋ ਇੱਥੇ ਦਿੱਤੇ ਗਏ ਹਨ- ਉੱਚੀ ਅਤੇ ਲਗਾਤਾਰ ਘੁਰਾੜੇ, ਨੀਂਦ ਦੌਰਾਨ ਸਾਹ ਰੁਕਣਾ ਜਾਂ ਦਮ ਘੁੱਟਣ ਦੀ ਭਾਵਨਾ, ਦਿਨ ਭਰ ਬਹੁਤ ਜ਼ਿਆਦਾ ਨੀਂਦ ਅਤੇ ਥਕਾਵਟ ਮਹਿਸੂਸ ਹੋਣਾ, ਸਵੇਰੇ ਸਿਰ ਦਰਦ, ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਲ ਅਤੇ ਕਮਜ਼ੋਰ ਯਾਦਦਾਸ਼ਤ, ਚਿੜਚਿੜਾਪਨ ਅਤੇ ਡਿਪਰੈਸ਼ਨ ਵਰਗੀਆਂ ਮਾਨਸਿਕ ਸਮੱਸਿਆਵਾਂ, ਹਾਈ ਬਲੱਡ ਪ੍ਰੈਸ਼ਰ ਅਤੇ ਹੋਰ ਦਿਲ ਦੀਆਂ ਬਿਮਾਰੀਆਂ ਦਾ ਜੋਖਮ, ਅਤੇ ਰਾਤ ਨੂੰ ਵਾਰ-ਵਾਰ ਜਾਗਣਾ ਅਤੇ ਬੇਚੈਨੀ ਮਹਿਸੂਸ ਕਰਨਾ ਰੁਕਾਵਟ ਵਾਲੀ ਨੀਂਦ ਐਪਨੀਆ ਦੇ ਲੱਛਣ ਹੋ ਸਕਦੇ ਹਨ। ਇਹ ਹਨ ਨੀਂਦ ਦੀ ਕਮੀ ਦੀ ਬਿਮਾਰੀ ਦੇ ਕਾਰਨ ਚੰਗੀ ਨੀਂਦ ਨਾ ਆਉਣ ਦੇ ਕੁਝ ਬੁਨਿਆਦੀ ਕਾਰਨ ਹੋ ਸਕਦੇ ਹਨ ਜਿਵੇਂ ਕਿ ਘੁਰਾੜੇ ਆਦਿ ਦੇ ਨਾਲ-ਨਾਲ ਲਗਾਤਾਰ ਨੀਂਦ ਵਿੱਚ ਵਿਘਨ। ਕੁਝ ਕਾਰਕ ਤੁਹਾਡੇ ਰੁਕਾਵਟ ਵਾਲੇ ਸਲੀਪ ਐਪਨੀਆ ਦੇ ਜੋਖਮ ਨੂੰ ਵਧਾ ਸਕਦੇ ਹਨ। ਜਿਵੇਂ ਮੋਟਾਪਾ - ਗਲੇ ਅਤੇ ਗਰਦਨ ਦੇ ਆਲੇ-ਦੁਆਲੇ ਚਰਬੀ ਜਮ੍ਹਾ ਹੋਣ ਨਾਲ ਸਾਹ ਲੈਣ ਵਿੱਚ ਰੁਕਾਵਟ ਆਉਂਦੀ ਹੈ। ਉਮਰ - ਇਹ ਸਮੱਸਿਆ ਮੱਧ ਅਤੇ ਬਜ਼ੁਰਗ ਉਮਰ ਸਮੂਹਾਂ ਵਿੱਚ ਵਧੇਰੇ ਪ੍ਰਚਲਿਤ ਹੈ। ਔਰਤਾਂ ਲਈ ਖ਼ਤਰਾ - ਇਹ ਸਮੱਸਿਆ ਮਰਦਾਂ ਵਿੱਚ ਵਧੇਰੇ ਆਮ ਹੈ, ਪਰ ਮੀਨੋਪੌਜ਼ ਤੋਂ ਬਾਅਦ ਔਰਤਾਂ ਵਿੱਚ ਵੀ ਇਹ ਖ਼ਤਰਾ ਵੱਧ ਜਾਂਦਾ ਹੈ। ਪਰਿਵਾਰਕ ਇਤਿਹਾਸ - ਜੇਕਰ ਪਰਿਵਾਰ ਵਿੱਚ ਕਿਸੇ ਨੂੰ ਇਹ ਸਮੱਸਿਆ ਹੋਈ ਹੈ, ਤਾਂ ਇਸ ਦੇ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ। ਸਰੀਰਕ ਦਿੱਖ - ਛੋਟੇ ਜਬਾੜੇ, ਮੋਟੀ ਗਰਦਨ, ਵਧੇ ਹੋਏ ਟੌਨਸਿਲ ਜਾਂ ਨੱਕ ਦੀ ਰੁਕਾਵਟ ਇਸ ਸਮੱਸਿਆ ਦਾ ਕਾਰਨ ਬਣ ਸਕਦੀ ਹੈ। ਗੈਰ-ਸਿਹਤਮੰਦ ਜੀਵਨ ਸ਼ੈਲੀ - ਸਿਗਰਟਨੋਸ਼ੀ ਅਤੇ ਸ਼ਰਾਬ ਪੀਣ ਨਾਲ ਸਾਹ ਦੀ ਨਾਲੀ ਦੀਆਂ ਮਾਸਪੇਸ਼ੀਆਂ ਕਮਜ਼ੋਰ ਹੋ ਜਾਂਦੀਆਂ ਹਨ, ਜੋ ਸਮੱਸਿਆ ਨੂੰ ਹੋਰ ਗੰਭੀਰ ਬਣਾ ਸਕਦੀਆਂ ਹਨ। ਇਹ ਸਮੱਸਿਆ ਬੱਚਿਆਂ ਵਿੱਚ ਵੀ ਹੋ ਸਕਦੀ ਹੈ। ਨੀਂਦ ਵਿੱਚ ਵਿਘਨ ਦੀ ਸਮੱਸਿਆ ਅਕਸਰ ਵੱਡੀ ਉਮਰ ਦੇ ਮਰਦਾਂ ਅਤੇ ਕੁਝ ਔਰਤਾਂ ਵਿੱਚ ਪਾਈ ਜਾਂਦੀ ਹੈ। ਪਰ ਬੱਚੇ ਅਤੇ ਕਿਸ਼ੋਰ ਵੀ ਇਸ ਤੋਂ ਅਛੂਤੇ ਨਹੀਂ ਹਨ। ਬੱਚਿਆਂ ਵਿੱਚ ਰੁਕਾਵਟ ਵਾਲੀ ਨੀਂਦ ਦੀ ਬਿਮਾਰੀ ਦੇ ਮੁੱਖ ਕਾਰਨ ਹੋ ਸਕਦੇ ਹਨ। ਉਦਾਹਰਣ ਲਈ- ਵਧੇ ਹੋਏ ਟੌਨਸਿਲ ਅਤੇ



ਐਡੀਨੋਇਡਜ਼, ਜ਼ਿਆਦਾ ਭਾਰ ਜਾਂ ਮੋਟਾਪਾ, ਜਬਾੜੇ ਅਤੇ ਸਾਹ ਪ੍ਰਣਾਲੀ ਦੀ ਜਮਾਂਦਰੂ ਖਰਾਬੀ ਵਰਗੀਆਂ ਛੋਟੀਆਂ ਪ੍ਰਕਿਰਿਆਵਾਂ ਲਈ, ਸਮੇਂ ਸਿਰ ਐਡੀਨੋਟੋਨਸਿਲੈਕਟੋਮੀ (ਟੌਨਸਿਲ ਹਟਾਉਣ ਦੀ ਸਰਜਰੀ) ਭਵਿੱਖ ਦੀਆਂ ਪੇਚੀਦਗੀਆਂ ਨੂੰ ਰੋਕ ਸਕਦੀ ਹੈ।

ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ - ਹਾਈ ਬਲੱਡ ਪ੍ਰੈਸ਼ਰ, ਦਿਲ ਦੀਆਂ ਬਿਮਾਰੀਆਂ ਅਤੇ ਸਟ੍ਰੋਕ ਦਾ ਖ਼ਤਰਾ ਵੱਧ ਜਾਂਦਾ ਹੈ। ਮੈਟਾਬੋਲਿਕ ਸਮੱਸਿਆਵਾਂ - ਟਾਈਪ 2 ਡਾਇਬਟੀਜ਼ ਅਤੇ ਇਨਸੁਲਿਨ ਪ੍ਰਤੀਰੋਧ ਹੋ ਸਕਦਾ ਹੈ। ਮਾਨਸਿਕ ਸਿਹਤ 'ਤੇ ਪ੍ਰਭਾਵ - ਲੰਬੇ ਸਮੇਂ ਤੋਂ ਨੀਂਦ ਦੀ ਘਾਟ ਡਿਪਰੈਸ਼ਨ, ਚਿੰਤਾ ਅਤੇ ਯਾਦਦਾਸ਼ਤ ਦੀ ਕਮੀ ਦਾ ਕਾਰਨ ਬਣ ਸਕਦੀ ਹੈ। ਹਾਦਸਿਆਂ ਦਾ ਖ਼ਤਰਾ - ਦਿਨ ਭਰ ਨੀਂਦ ਆਉਣ ਨਾਲ ਵਾਹਨ ਅਤੇ ਕੰਮ ਵਾਲੀ ਥਾਂ 'ਤੇ ਹਾਦਸਿਆਂ ਦਾ ਖ਼ਤਰਾ ਵੱਧ ਜਾਂਦਾ ਹੈ। ਜੀਵਨ ਦੀ ਗੁਣਵੱਤਾ 'ਤੇ ਪ੍ਰਭਾਵ - ਘੱਟ ਨੀਂਦ ਦਾ ਸਿਹਤ, ਉਤਪਾਦਕਤਾ ਅਤੇ ਮੂਡ 'ਤੇ ਨਕਾਰਾਤਮਕ ਪ੍ਰਭਾਵ ਪੈਂਦਾ ਹੈ। ਸਲੀਪ ਐਪਨੀਆ ਦਾ ਨਿਦਾਨ ਕਿਵੇਂ ਕਰੀਏ ਜੇਕਰ ਤੁਹਾਨੂੰ ਸ਼ੱਕ ਹੈ ਕਿ ਤੁਹਾਨੂੰ ਜਾਂ ਤੁਹਾਡੇ ਕਿਸੇ ਅਜ਼ੀਜ਼ ਨੂੰ ਓਐਸਏ ਹੈ, ਤਾਂ ਹੇਠ ਲਿਖੇ ਟੈਸਟ ਮਦਦ ਕਰ ਸਕਦੇ ਹਨ- ਕਲੀਨਿਕਲ ਮੁਲਾਂਕਣ - ਲੱਛਣਾਂ, ਡਾਕਟਰੀ ਇਤਿਹਾਸ ਅਤੇ ਜੋਖਮ ਕਾਰਕਾਂ ਦੀ ਸਮੀਖਿਆ। ਨੀਂਦ ਟੈਸਟ (ਪੋਲੀਸੋਮਨੋਗ੍ਰਾਫੀ) - ਇਹ ਇੱਕ ਵਿਸ਼ੇਸ਼ ਟੈਸਟ ਹੈ ਜੋ ਸੌਂਦੇ ਸਮੇਂ ਆਕਸੀਜਨ ਦੇ ਪੱਧਰ, ਸਾਹ ਲੈਣ ਦੇ ਪੈਟਰਨਾਂ ਅਤੇ ਹੋਰ ਮਹੱਤਵਪੂਰਨ ਸੰਕੇਤਾਂ ਦੀ ਨਿਗਰਾਨੀ ਕਰਦਾ ਹੈ। ਇਹ ਸਲੀਪ ਲੈਬ ਵਿੱਚ ਜਾਂ ਘਰ ਵਿੱਚ ਕੀਤਾ ਜਾ ਸਕਦਾ ਹੈ। ਮੁੱਖ ਇਲਾਜ ਦੇ ਤਰੀਕੇ ਚੰਗੀ ਖ਼ਬਰ ਇਹ ਹੈ ਕਿ ਇਹ ਸਮੱਸਿਆ ਪੂਰੀ ਤਰ੍ਹਾਂ ਹੱਲ ਕੀਤੀ ਜਾ ਸਕਦੀ ਹੈ। ਜੀਵਨਸ਼ੈਲੀ ਵਿੱਚ ਬਦਲਾਅ ਜਿਵੇਂ ਕਿ ਭਾਰ ਘਟਾਉਣਾ, ਨਿਯਮਿਤ ਤੌਰ 'ਤੇ ਕਸਰਤ ਕਰਨਾ, ਅਤੇ ਸੌਣ ਤੋਂ ਪਹਿਲਾਂ ਸ਼ਰਾਬ ਅਤੇ ਸਿਗਰਟ ਤੋਂ ਪਰਹੇਜ਼ ਕਰਨਾ ਓਐਸਏ ਦੇ ਇਲਾਜ ਵਿੱਚ ਖਾਸ ਤੌਰ 'ਤੇ ਮਦਦਗਾਰ ਹਨ। ਸੀਪੀਏਪੀ ਥੈਰੇਪੀ ਭਾਵ ਟੈਂਸ ਪਾਜ਼ੀਟਿਵ ਏਅਰਵੇਅ ਪ੍ਰੈਸ਼ਰ: ਇਹ ਮਾਸਕ ਰਾਹੀਂ ਹਵਾ ਦਾ ਦਬਾਅ ਪ੍ਰਦਾਨ ਕਰਕੇ ਏਅਰਵੇਅ ਨੂੰ ਖੁੱਲ੍ਹਾ ਰੱਖਦਾ ਹੈ। ਇਹ ਓਐਸਏ ਲਈ ਸਭ ਤੋਂ ਪ੍ਰਭਾਵਸ਼ਾਲੀ ਇਲਾਜਾਂ ਵਿੱਚੋਂ ਇੱਕ ਹੈ। ਮੂੰਹ ਰਾਹੀਂ ਲੈਣ ਵਾਲੇ ਉਪਕਰਣ: ਦੰਦਾਂ ਦੇ ਉਪਕਰਣ ਜੋ ਜਬਾੜੇ ਅਤੇ ਜੀਭ ਦੀ ਸਥਿਤੀ ਨੂੰ ਠੀਕ ਕਰਦੇ ਹਨ ਤਾਂ ਜੋ ਸਾਹ ਨਾਲੀ ਖੁੱਲ੍ਹੀ ਰਹੇ। ਸਰਜੀਕਲ ਵਿਕਲਪ: ਟੌਨਸਿਲੈਕਟੋਮੀ, ਸੈਪਟੋਪਲਾਸਟੀ ਵਰਗੀਆਂ ਆਧੁਨਿਕ ਸਰਜਰੀਆਂ ਗੰਭੀਰ ਮਾਮਲਿਆਂ ਵਿੱਚ ਕੀਤੀਆਂ ਜਾਂਦੀਆਂ ਹਨ। ਔਬਸਟ੍ਰਕਟਿਵ ਸਲੀਪ ਐਪਨੀਆ (ਓਐਸਏ) ਸਿਰਫ਼ ਨੀਂਦ ਦੀ ਸਮੱਸਿਆ ਨਹੀਂ ਹੈ, ਸਗੋਂ ਇੱਕ ਗੰਭੀਰ ਸਿਹਤ ਸੰਕਟ ਵੀ ਹੈ। ਸਮੇਂ ਸਿਰ ਪਛਾਣ ਅਤੇ ਸਹੀ ਇਲਾਜ ਨਾ ਸਿਰਫ਼ ਬਿਮਾਰੀ ਨੂੰ ਕੰਟਰੋਲ ਕਰ ਸਕਦਾ ਹੈ ਸਗੋਂ ਜੀਵਨ ਦੀ ਗੁਣਵੱਤਾ ਵਿੱਚ ਵੀ ਸੁਧਾਰ ਕਰ ਸਕਦਾ ਹੈ। ਜੇਕਰ ਤੁਹਾਡੇ ਆਲੇ-ਦੁਆਲੇ ਕੋਈ ਵਿਅਕਤੀ ਲਗਾਤਾਰ ਘੁਰਾੜੇ ਮਾਰਦਾ ਹੈ, ਦਿਨ ਭਰ ਸੁਸਤੀ ਮਹਿਸੂਸ ਕਰਦਾ ਹੈ, ਜਾਂ ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਉਸਨੂੰ ਡਾਕਟਰ ਨੂੰ ਮਿਲਣ ਲਈ ਉਤਸ਼ਾਹਿਤ ਕਰੋ। ਚੰਗੀ ਨੀਂਦ ਇੱਕ ਸਿਹਤਮੰਦ ਜੀਵਨ ਦੀ ਕੁੰਜੀ ਹੈ!

# ਕਾਵਿ ਕਿਆਰੀ

## ਖੂਹ ਬੋਲਦਾਂ

ਮੈਂ ਪੁਰਾਣਾ ਖੂਹ ਬੋਲਦਾਂ,
ਹੱਡ ਬੀਤੀ ਥੋਡੇ ਅੱਗੇ ਫੋਲਦਾ।
ਨੰਜੇ ਬਿਊਰ ਨੇ ਮੈਨੂੰ ਲਾਇਆ
ਰੇਰੂ ਦਾ ਸੀ ਚੱਕ ਬਣਾਇਆ।

ਪਿੰਡ ਦੇ ਲੋਕਾਂ ਖੁਸ਼ੀ ਮਨਾਈ,
ਕੜਾਹੀ ਚੌਲਾਂ ਦੀ ਨਾਲੇ ਬਣਾਈ।
ਖੁਆਜੇ ਪੀਰ ਦੀ ਜੋਤ ਜਗਾਉਣ,
ਚਾਈਂ ਚਾਈਂ ਸਾਰੇ ਕੰਮ 'ਤੇ ਆਉਣ।

ਇੱਟਾਂ ਚੂਨੇ ਵਿੱਚ ਚਿਣਦੇ ਜਾਣ,
ਕੰਮ ਕਰਦੇ ਸੀ ਨਾਲ ਤਰਖਾਣ।
ਆਖਰ ਪਹੁੰਚ ਗਿਆ ਪੱਤਣ ਤੀਕ,
ਜਿਸ ਦੀ ਸਾਰਿਆਂ ਨੂੰ ਸੀ ਉਡੀਕ।

ਸੁੱਖੀ ਸਾਂਦੀ ਆਇਆ ਕਾਰਜ ਰਾਸ,
ਗੁਰੂਘਰ ਜਾ ਕੀਤੀ ਅਰਦਾਸ।
ਅੰਮ੍ਰਿਤ ਵਰਗਾ ਨਿਕਲਿਆ ਪਾਣੀ,
ਖੁਸ਼ ਹੋ ਗਈ ਜਵੇਂ ਕੁਦਰਤ ਰਾਣੀ।

ਨਹਾਉਣ ਧੋਣ ਲਈ ਬਣਾਤੇ ਪਰਦੇ,
ਪਾਣੀ ਦੇ ਨਾਲ ਕੁੰਡ ਸੀ ਭਰਦੇ।
ਹਾਲੀ ਪਾਂਧੀ ਬੁੱਢੇ ਠੇਰੇ,
ਰੌਣਕ ਰਹਿੰਦੀ ਚਾਰ ਚੁਫ਼ੇਰੇ।

ਕੁੜੀਆਂ ਘੜੇ ਚੁੱਕ ਕੇ ਆਉਂਦੀਆਂ,
ਪਾਣੀ ਦੇ ਭਰ ਡੋਲ ਪਾਉਂਦੀਆਂ।
ਪਸ਼ੂ ਪੰਛੀ ਵੀ ਪਿਆਸ ਬੁਝਾਉਂਦੇ,
ਪਾਣੀ ਪੀ ਕੇ ਸ਼ੁਕਰ ਮਨਾਉਂਦੇ।

ਬੜੀਆਂ ਮਾਣੀਆਂ ਮੌਜ ਬਹਾਰਾਂ,
ਲੰਘੇ ਦਨਿ ਨਾ ਮਨੋਂ ਵਿਸਾਰਾਂ।
ਹੁਣ ਮੇਰੇ 'ਤੇ ਕਹਿਰ ਢਹਿ ਗਿਆ,
ਬਦਲੇ ਵਕਤ ਦਾ ਅਸਰ ਪੈ ਗਿਆ।

ਯੁੱਗ ਮਸ਼ੀਨੀ ਜਦੋਂ ਦਾ ਆਇਆ,
ਮੈਨੂੰ ਸਭ ਨੇ ਮਨੋਂ ਭੁਲਾਇਆ।
ਨਲਕੇ ਟੂਟੀਆਂ ਸਬਮਰਸੀਬਲ,
ਪਲਾਂ 'ਚ ਵਾਧੂ ਕੱਢਦੇ ਜਲ।

ਹੁਣ ਨਾ ਮੇਰੀ ਕੋਈ ਸਮਝੇ ਲੋੜ,
ਤਾਹੀਓਂ ਲਿਆ ਹੈ ਨਾਤਾ ਤੋੜ।
ਅੰਮ੍ਰਿਤ ਪਾਣੀ ਦੀ ਜੋ ਖੁਸ਼ਬੋ,
ਸੁੱਟਦੇ ਗੰਦ ਆਵੇ ਬਦਬੋ।

ਦੀਵਾ ਨਾ ਕੋਈ ਮਣ 'ਤੇ ਲਾਵੇ,
ਪਾਸਾ ਵੱਟ ਕੋਲੋਂ ਲੰਘ ਜਾਵੇ।
ਹਾਲੀ ਪਾਂਧੀ ਨਾ ਮੁਟਿਆਰਾਂ,
ਨਾ ਆਉਣ ਪਸ਼ੂ ਪੰਛੀ ਡਾਰਾਂ।

ਪੈੜ 'ਤੇ ਕਬਜ਼ੇ ਕਰ ਲਏ ਲੋਕਾਂ,
ਚੌਤਰਾ ਕੁੰਡ ਤੋੜੀਆਂ ਰੋਕਾਂ।
ਨਸ਼ਿਆਂ ਵਾਲੇ ਟੀਕੇ ਪੱਤੇ ਸਿੱਟਦੇ,
ਲਿਖੇ ਮੱਥੇ ਦੇ ਲੇਖ ਨਾ ਮਿਟਦੇ।

ਦੋ ਸੌ ਸਾਲ ਦੀ ਉਮਰ ਹੈ ਮੇਰੀ,
ਸੇਵਾ ਲੋਕਾਂ ਦੀ ਕਰੀ ਬਥੇਰੀ।
ਰੂੜ੍ਹੀਆਂ ਵਿੱਚ ਹੁਣ ਮੇਰਾ ਵਾਸ,
ਹਰੀਗੜ੍ਹ ਪਿੰਡ ਵਿੱਚ ਖੜ੍ਹਾਂ ਉਦਾਸ।
ਸਰੂਪ ਚੰਦ ਲਿਖ ਦਰਦ ਕਹਾਣੀ,
ਹੱਡ ਬੀਤੀ ਨੂੰ ਝੂਠ ਨਾ ਜਾਣੀ।

**ਲੇਖਕ : ਸਰੂਪ ਚੰਦ ਹਰੀਗੜ੍ਹ**
**ਸੰਪਰਕ : 99143-85202**

## ਮਾਂ ਮੇਰੀ...

ਮਾਂ ਮੇਰੀ ਤੁਰ ਗਈ ਅੜੀਓ,
ਛੱਡ ਕੇ ਕਿਧਰੇ ਦੂਰ ਬੜੀ।
ਰੋਕ ਲਵਾਂ ਬਾਂਹ ਫੜ ਕੇ ਓਹਦੀ,
ਕੋਸ਼ਿਸ਼ ਮੈਂ ਰੱਜ ਕੇ ਕਰੀ।
ਮਾਂ ਮੇਰੀ...

ਕਿਹੜੇ ਰਾਹ ਤੁਰ ਗਏ ਸਾਰੇ,
ਮੈਨੂੰ ਨਾ ਲੱਭਿਆ ਕੋਈ।
ਵੀਰੇ ਵੀ ਗਏ ਸੀ ਜਿੱਧਰ,
ਮਾਂ ਵੀ ਓਧਰ ਨੂੰ ਹੋਈ।
ਛੱਡ ਕੇ 'ਕੱਲੀ ਨੂੰ ਜਾਣਾ,
ਜ਼ਿੱਦ ਸਭ ਨੇ ਕੇਹੀ ਫੜੀ।
ਮਾਂ ਮੇਰੀ...

ਪੇਕਿਆਂ ਦਾ ਦਰ ਸੀ ਖੁੱਲ੍ਹਾ,
ਝੱਟ ਜਾ ਕੇ ਬਹਿ ਜਾਂਦੀ ਸੀ।
ਆ ਜਾ ਨੀਂ ਧੀਏ ਮੇਰੀਏ,
ਗੀਤ ਪਿਆਰ ਦੇ ਗਾਂਦੀ ਸੀ।
ਜਾਂਦੇ ਹੋਏ 'ਵਾਜ ਨਾ ਮਾਰੀ,
ਕੋਲੇ ਸੀ ਹੱਥ ਜੋੜ ਖੜ੍ਹੀ।
ਮਾਂ ਮੇਰੀ...

ਓਹੀ ਸੀ ਦੁਨੀਆਂ ਮੇਰੀ,
ਓਹਦੇ ਵਿੱਚ ਜਾਨ ਸੀ ਵੱਸਦੀ।
ਗੱਲਾਂ ਸੀ ਕਰਦੀ ਰਹਿੰਦੀ,
ਚੇਤਿਆਂ ਵਿੱਚ ਅੱਜ ਵੀ ਹੱਸਦੀ।
ਪੜ੍ਹਦੀ ਸੀ ਦਿਲ ਦੀਆਂ ਸੱਭੇ,
ਭਾਵੇਂ ਨਾ ਕਿਤਾਬਾਂ ਪੜ੍ਹੀ।
ਮਾਂ ਮੇਰੀ...

**ਲੇਖਕ : ਮਨਜੀਤ ਕੌਰ ਧੀਮਾਨ**
**ਸੰਪਰਕ: 94646-33059**

## ਗ਼ਜ਼ਲ

ਚਾਰੇ ਪਾਸਿਆਂ ਤੋਂ ਹੀ
ਸਾਨੂੰ ਘੇਰ ਗਿਆ ਹੈ ਪਾਣੀ
ਸਾਡੀ ਮਿਹਨਤ ਉੱਤੇ ਪਾਣੀ
ਫੇਰ ਗਿਆ ਹੈ ਪਾਣੀ।
ਪੱਥਰ ਦੇ ਪਰਬਤ ਵੀ
ਰੂੰ ਦੇ ਵਾਂਗੂ ਖਿਸਕੀ ਜਾਂਦੇ

ਸੁਪਨਿਆਂ ਦੇ ਘਰ ਪਲ ਵਿੱਚ
ਕਰ ਢੇਰ ਗਿਆ ਹੈ ਪਾਣੀ।
ਕੋਈ ਗੱਲ ਨਹੀਂ ਮੁੜ ਕੇ
ਸਾਰੇ ਫੇਰ ਉਗਾਵਾਂਗੇ

ਕੀ ਹੋਇਆ ਫ਼ਸਲਾਂ ਸਾਡੀਆਂ
ਤੇਰ ਗਿਆ ਹੈ ਪਾਣੀ।
ਮੁੜ ਕੇ ਫੁੱਟਣਾ ਤੇ ਮੁੜ ਕੇ
ਹੱਸਣਾ ਸਾਨੂੰ ਆਉਂਦਾ ਹੈ

ਇੱਕ ਵਾਰੀ ਤਾਂ ਅੱਥਰੂ
ਭਾਵੇਂ ਕੇਰ ਗਿਆ ਹੈ ਪਾਣੀ।
ਪਰਬਤ ਵੱਢ ਕੇ ਜੰਗਲ ਵੱਢ
ਕੇ ਕਬਜ਼ੇ ਰਹੇ ਹਾਂ ਕਰਦੇ

ਕੁਦਰਤ ਦੀ ਹੁਣ ਹਰ ਪਾਸੇ ਕਰ
ਮੇਰ ਗਿਆ ਹੈ ਪਾਣੀ।
ਗਲ਼ ਗਲ਼ ਪਾਣੀ ਦੇ ਵਿੱਚ ਵੀ
ਲੰਗਰ ਵੰਡਦੇ ਫਿਰਦੇ ਹਾਂ

ਪੰਜਾਬੀਆਂ ਨੂੰ ਫਿਰ ਸਿੱਧ
ਕਰ ਸ਼ੇਰ ਗਿਆ ਹੈ ਪਾਣੀ।
ਪਾਣੀ ਉੱਤੇ ਸਿਆਸਤ ਛੱਡ
ਪੁਖ਼ਤਾ ਹੱਲ ਕੋਈ ਲੱਭੋ

ਕੁਝ ਦਿਨਾਂ ਵਿੱਚ ਭੁੱਲ ਅਸਾਡੇ
ਟੇਰ ਗਿਆ ਹੈ ਪਾਣੀ।

**ਲੇਖਕ : ਜਗਜੀਤ ਗੁਰਮ**
**ਸੰਪਰਕ: 99152-64836**

## ਬਾਰ ਵਾਲੀ ਬੀਬੀ

ਇੰਸਟਾਗਰਾਮ ਵੀ ਗਈ ਹੋ ਸੁੰਨੀ,
ਫੇਸਬੁੱਕ 'ਤੇ ਨਾ ਦਿਸੀ ਚੜ੍ਹੀ ਬੀਬੀ।
ਹੋ ਸ਼ਕਲੋਂ ਵੀ ਗਈ ਬੇ-ਸ਼ਕਲੀ,
ਗਈ ਜਦ ਦੀ ਬਾਰ 'ਚ ਫੜ੍ਹੀ ਬੀਬੀ।

ਕਿਹੜਾ ਦੇ ਅੰਦਰਲਾ ਭੇਦ ਗਿਆ,
ਕਿਹੜੀ ਚੋਅ ਗਈ ਤੇਲ ਜੜੀ ਬੀਬੀ।
ਵਿੱਚ ਹੰਕਾਰ ਦੇ ਫਿਰਦੀ ਮੱਛਰੀ ਸੀ,
ਰਹਿੰਦੀ ਆਕੜਾਂ ਵਿੱਚ ਸੜੀ ਬੀਬੀ।

ਤਪਦੇ ਸੂਰਜ ਨੂੰ ਬੁਝਾਉਣ ਲਈ,
ਖੜ੍ਹੀ ਰਹਿੰਦੀ ਦੀਵਾ ਫੜੀ ਬੀਬੀ।
ਭੂਤ ਸਵਾਰ ਸੀ ਐਸਾ ਸਿਰ ਉੱਤੇ
ਦੱਸੇ ਗਰਾਮਾਂ ਨੂੰ ਵੀ ਧੜੀ ਬੀਬੀ।

ਖੰਭ ਕੁਤਰੇ ਜਦ ਗਏ 'ਭਗਤਾ',
ਵਿੱਚ ਪਿੰਜਰੇ ਗਈ ਤੜੀ ਬੀਬੀ।
ਪਾ ਬਾਘੀਆਂ ਨੱਕ ਜੋ ਮਾਰਦੀ ਸੀ,
ਹੁਣ ਪਈ ਐ ਚੰਡੋਲ ਚੜ੍ਹੀ ਬੀਬੀ।

**ਲੇਖਕ : ਬਰਾੜ-ਭਗਤਾ ਭਾਈ ਕਾ**
**ਸੰਪਰਕ : 1-604-751-1113**

## ਅੰਨਦਾਤਾ

ਦੇਸ਼ ਮੇਰੇ ਦਾ ਅੰਨਦਾਤਾ ਕਦੇ ਭੁੱਖਾ ਨਾ ਸੌਂਵੇਂ।
ਨਾ ਕਰੇ ਖ਼ੁਦਕੁਸ਼ੀਆਂ ਅੱਖ 'ਚੋਂ ਨੀਰ ਨਾ ਚੋਵੇ।
ਦੇਸ਼ ਮੇਰੇ ਦਾ ਅੰਨਦਾਤਾ...

ਕਰੇ ਇਹ ਖ਼ੂਬ ਕਮਾਈਆਂ ਮੁੱਲ ਫ਼ਸਲਾਂ ਦਾ ਪੈ ਜੇ।
ਧੀ ਦੇ ਵਿਆਹ ਦਾ ਕਰਜ਼ਾ ਇਹਦੇ ਸਿਰ ਤੋਂ ਲਹਿ ਜੇ।
ਮੁੱਕ ਜਾਣ ਇਹਦੀਆਂ ਫ਼ਿਕਰਾਂ ਸਦਾ ਖ਼ੁਸ਼ ਇਹ ਹੋਵੇ।
ਦੇਸ਼ ਮੇਰੇ ਦਾ ਅੰਨਦਾਤਾ...

ਨਾ ਭੇਜੇ ਧੀਆਂ-ਪੁੱਤ ਵਲੈਤ ਇੱਥੇ ਰੁਜ਼ਗਾਰ ਜੇ ਮਿਲ ਜੇ।
ਪੂਰੀਆਂ ਹੋ ਜਾਣ ਸੱਧਰਾਂ ਖ਼ੁਸ਼ੀ ਨਾਲ ਸੀਨਾ ਖਿਲ ਜੇ।
ਦਾਣਾ-ਦਾਣਾ ਰਹੇ ਫ਼ਲਦਾ ਵਿੱਚ ਮਿੱਟੀ ਬੀਜ ਜੋ ਬੋਵੇ।
ਦੇਸ਼ ਮੇਰੇ ਦਾ ਅੰਨਦਾਤਾ...

ਸਿੱਧੀ ਖੇਤੋਂ ਵਿਕੇ ਫ਼ਸਲ ਨਾ ਰਹੇ ਲੋੜ ਮੰਡੀ ਦੀ।
ਖ਼ੂਨ ਪਸੀਨੇ ਦੀ ਕਮਾਈ ਐਵੇਂ ਜਾਏ ਨਾ ਵੰਡੀ ਦੀ।
ਪੂਰੀ ਮਿਲੇ ਅਦਾਇਗੀ ਵਿੱਚ ਵਿਚੋਲਾ ਨਾ ਹੋਵੇ।
ਦੇਸ਼ ਮੇਰੇ ਦਾ ਅੰਨਦਾਤਾ...

ਹਰ ਦਮ ਕਲੇਜਾ ਧੜਕੇ ਦਾਣੇ ਸਲਾਮਤ ਆ ਜਾਵਣ।
'ਰਜਵੰਤ' ਟਿੱਡੀ ਦਲ ਕੋਈ ਅੰਬਰੋਂ ਆ ਫ਼ਸਲ ਨਾ ਖਾਵਣ।
ਮਿਹਰ ਕਰੀਂ ਤੂੰ ਦਾਤਿਆ ਮੌਸਮ ਦੋਸਤਾਨਾ ਹੋਵੇ।
ਦੇਸ਼ ਮੇਰੇ ਦਾ ਅੰਨਦਾਤਾ...
ਨਾ ਕਰੇ ਖ਼ੁਦਕੁਸ਼ੀਆਂ ਅੱਖ 'ਚੋਂ ਨੀਰ ਨਾ ਚੋਵੇ।

**ਲੇਖਕ : ਰਜਵੰਤ ਕੌਰ ਚਨਾਰਥਲ**
**ਸੰਪਰਕ: 81465-51328**

## ਦਿਨ ਇਹ ਵੀ ਨਾ ਰਹਿਣੇ

ਦਿਨ ਇਹ ਵੀ ਨਾ ਰਹਿਣੇ, ਦਿਨ ਉਹ ਵੀ ਨਾ ਰਹਿਣੇ।
ਹੁਣ ਤਾਂ ਇਕੱਲੇ ਹੀ ਬੈਠ, ਦੁੱਖ ਹਿਜਰਾਂ ਦੇ ਸਹਿਣੇ।

ਅੱਜ ਗ਼ਮ ਦੀਆਂ ਰਾਤਾਂ, ਹਨ ਜ਼ਿੰਦਗੀ ਦੇ ਗਹਿਣੇ।
ਟੁੱਟਿਆਂ ਦਿਲ ਦਾ ਸੁਪਨਾ, ਰੋਂਦੇ ਨੈਣ ਨਿਮਾਣੇ।

ਔਖਾ ਇਸ਼ਕ ਦਾ ਸਾਗਰ, ਕਹਿ ਗਏ ਸੱਚ ਸਿਆਣੇ।
ਦੂਰ ਮੰਜ਼ਿਲ ਹੈ ਰਾਹੀ, ਖੇਡ ਕਰਮ ਹੀ ਜਾਣੇ।

ਵਿੱਚ ਕਦਮਾਂ ਦੇ ਤੇਰੇ,'ਅਮਰ' ਦੀਪਕ ਜਲਾਣੇ।
ਦਿਨ ਇਹ ਵੀ ਨਾ ਰਹਿਣੇ, ਦਨਿ ਉਹ ਵੀ ਨਾ ਰਹਿਣੇ।

**ਲੇਖਕ : ਕੇ.ਐੱਸ.ਅਮਰ**

## ਤੁਸੀਂ ਜੋ ਮਰਜ਼ੀ ਕਹੋ

ਤੁਸੀਂ ਜੋ ਮਰਜ਼ੀ ਕਹੋ...
ਡਰ ਕੇ ਭੱਜਣ
ਤੇ ਬਚ ਕੇ ਨਿਕਲਣ,
ਵਿਚਲਾ ਫ਼ਾਸਲਾ,
ਧਰਤੀ ਤੇ ਆਸਮਾਨ
ਜਿੱਡਾ ਹੁੰਦਾ ਏ।
ਤੁਸੀਂ ਜੋ ਮਰਜ਼ੀ ਕਹੋ...
ਹਕੂਮਤ ਤੇ ਹੁਕਮ,
ਵਿਚਲਾ ਫ਼ਾਸਲਾ,
ਐਲਾਨ ਤੇ ਫ਼ਰਮਾਨ
ਜਿੱਡਾ ਹੁੰਦਾ ਏ।
ਤੁਸੀਂ ਜੋ ਮਰਜ਼ੀ ਕਹੋ...
ਵਰਦੀ ਤੇ ਬਾਣੇ,
ਵਿਚਲਾ ਫ਼ਾਸਲਾ
ਦਿੱਖ ਤੇ ਪਛਾਣ
ਜਿੱਡਾ ਹੁੰਦਾ ਏ।
ਤੁਸੀਂ ਜੋ ਮਰਜ਼ੀ ਕਹੋ...
ਗਾਲ੍ਹ ਤੇ ਲਲਕਾਰ,
ਵਿਚਲਾ ਫ਼ਾਸਲਾ,
ਤਲਵਾਰ ਤੇ ਕ੍ਰਿਪਾਨ
ਜਿੱਡਾ ਹੁੰਦਾ ਏ।
ਤੁਸੀਂ ਜੋ ਮਰਜ਼ੀ ਕਹੋ...
ਆਤੰਕੀ ਤੇ ਆਕੀ,
ਵਿਚਲਾ ਫ਼ਾਸਲਾ,
ਦਾਗ ਤੇ ਨਿਸ਼ਾਨ
ਜਿੱਡਾ ਹੁੰਦਾ ਏ।
ਤੁਸੀਂ ਜੋ ਮਰਜ਼ੀ ਕਹੋ...
ਮਰੇ ਤੇ ਮਰਜੀਵੜੇ,
ਵਿਚਲਾ ਫ਼ਾਸਲਾ,
ਹਲਾਕ ਤੇ ਕੁਰਬਾਨ
ਜਿੱਡਾ ਹੁੰਦਾ ਏ।
ਤੁਸੀਂ ਜੋ ਮਰਜ਼ੀ ਕਹੋ...
ਕਿਆਸ ਤੇ ਇਤਿਹਾਸ,
ਵਿਚਲਾ ਫ਼ਾਸਲਾ
ਘੜਨ ਤੇ ਬਣਾਉਣ
ਜਿੱਡਾ ਹੁੰਦਾ ਏ।
ਤੁਸੀਂ ਜੋ ਮਰਜ਼ੀ ਕਹੋ...
ਕਾਬਜ਼ ਤੇ ਵਾਰਿਸ,
ਵਿਚਲਾ ਫ਼ਾਸਲਾ,
ਪਿੰਜਰੇ ਤੇ ਉਡਾਣ
ਜਿੱਡਾ ਹੁੰਦਾ ਏ।

**ਲੇਖਕ : ਡਾ. ਲਖਵੀਰ ਸਿੰਘ ਜੱਟਪੁਰਾ**

## ਪੈਸਿਆਂ ਦੇ ਭੁੱਖੇ

ਵੀਰੇ ਤੂੰ, ਡੈਡੀ ਤੇ ਮੰਮੀ ਨੇ ਰਲ ਕੇ
ਜਿਹੜਾ ਮੇਰੇ ਲਈ ਸੀ ਵਰ ਟੋਲਿਆ,
ਮੈਂ ਉਸ ਨਾਲ ਲਾਵਾਂ ਲੈ ਲਈਆਂ ਸਨ
ਮੂੰਹੋਂ ਇਕ ਸ਼ਬਦ ਨਹੀਂ ਸੀ ਬੋਲਿਆ।

ਅੱਜ ਮੈਨੂੰ ਸਹੁਰੇ ਘਰ ਰਹਿੰਦੀ ਨੂੰ
ਹੋ ਗਏ ਨੇ ਪੂਰੇ ਛੇ ਮਹੀਨੇ ਵੇ,
ਭੁੱਖਿਆਂ, ਨੰਗਿਆਂ ਦੀ ਧੀ ਕਹਿ ਕੇ
ਸਭ ਮਾਰਨ ਤੀਰ ਮੇਰੇ ਸੀਨੇ ਵੇ।

ਮੈਂ ਹਰ ਸਾਲ ਤੇਰੇ ਰੱਖੜੀ ਬੰਨ੍ਹੀ
ਪੇਕੀਂ ਰਹਿ ਕੇ ਤੇਰੇ ਕੋਲ ਵੇ,
ਅੱਜ ਮੈਂ ਨ੍ਹੀ ਆਣਾ ਪੇਕੇ
ਰੱਖੜੀ ਬੰਨ੍ਹਾ ਲੈ ਆ ਕੇ ਮੇਰੇ ਕੋਲ ਵੇ।

ਅੱਜ ਮੇਰੇ ਸਹੁਰੇ ਘਰ ਆ ਕੇ
ਦੇਖ ਲੈ ਆਪਣੀ ਭੈਣ ਦਾ ਹਾਲ ਵੇ,
ਮੇਰਾ ਕਹਿਣਾ ਮੰਨ ਛੇਤੀ ਆ ਜਾ
ਮੇਰੀ ਇੱਜ਼ਤ ਦਾ ਹੈ ਸਵਾਲ ਵੇ।

ਪੈਸਿਆਂ ਦੇ ਭੁੱਖੇ ਸਹੁਰਿਆਂ ਨੂੰ
ਆ ਕੇ ਲੁਆ ਦੇ ਕੰਨਾਂ ਨੂੰ ਹੱਥ ਵੇ,
ਜੇ ਸਿੱਧੇ ਰਾਹ ਉਨ੍ਹਾਂ ਨੂੰ ਪਾ ਦੇਵੇਂ
ਸਾਰੀ ਉਮਰ ਗਾਵਾਂਗੀ ਤੇਰਾ ਜੱਸ ਵੇ।

**ਲੇਖਕ : ਮਹਿੰਦਰ ਸਿੰਘ ਮਾਨ**
**ਫੋਨ 9915803554**

## ਗ਼ਜ਼ਲ

ਕਿਉਂ ਪੈੜ ਚਾਲ ਨਹੀਂ ਰਾਹਵਾਂ ਵਿੱਚ।
ਕਿਉਂ ਆਹਟ ਹੈ ਨਹੀਂ ਹਵਾਵਾਂ ਵਿੱਚ॥

ਇਸ ਰੁੱਤ ਕੁਲਹਿਣੀ ਦੇ ਕਾਰੇ ਦੇਖੋ।
ਕਿਵੇਂ ਦਮ ਘੁਟ ਰਿਹਾ ਹੈ ਛਾਵਾਂ ਵਿੱਚ॥

ਅੱਜ ਕੱਲ੍ਹ ਹੱਸਣਾ ਵੀ ਮਜਬੂਰੀ ਐ।
ਇਸ ਕਦਰ ਚਿੰਤਾ ਘੁਲ ਗਈ ਚਾਵਾਂ ਵਿੱਚ॥

ਮੱਥਾ ਰੌਸ਼ਨ ਜਿਸ ਦਾ ਵੀ ਹੋ ਜਾਵੇ।
ਅਕੀਦਾ ਰਹਿੰਦਾ ਨੀ ਦੁਆਵਾਂ ਵਿੱਚ॥

ਪਹਿਲਾਂ ਵਾਲਾ ਜਾਦੂ ਲੱਭਦੇ ਸੱਜਣ।
ਤੇਰੀਆਂ ਨਾਜ਼ੁਕ ਸ਼ੋਖ਼ ਅਦਾਵਾਂ ਵਿੱਚ॥

ਸਾਮ ਦਾਮ ਦੰਡ ਭੇਦ ਸੰਗ ਰਾਜ ਕਰੋਂ।
ਨਫ਼ਰਤ ਬੀਜ ਕੇ ਸਕੇ ਭਰਾਵਾਂ ਵਿੱਚ॥

ਦੋਸ਼ੀ ਕੌਣ ਹੈ ਇਸ ਵਰਤਾਰੇ ਦਾ, ਹੁਣ।
ਅੰਮ੍ਰਿਤ ਵਗਦਾ ਨਈਂ ਦਰਿਆਵਾਂ ਵਿੱਚ॥

ਕੌਣ ਕੱਦ ਮਿਣਦੈ ਇੱਥੇ ਕਲਮਾਂ ਦੇ।
ਕੁਰਸੀ ਕਬਜ਼ਾ ਚਲਦੈ ਸਭਾਵਾਂ ਵਿੱਚ॥

ਚੋਰ ਬਜ਼ਾਰੀ ਧੱਕੇਸ਼ਾਹੀ ਨਾ ਹੁੰਦੀ।
ਔਲਖ਼ ਜੇ ਦਮ ਹੁੰਦਾ ਸਜ਼ਾਵਾਂ ਵਿੱਚ॥

**ਲੇਖਕ : ਸੁਖਦੇਵ ਸਿੰਘ ਔਲਖ਼**
**ਸੰਪਰਕ: 094647-70121**

## ਗ਼ਜ਼ਲ

ਬਿਨਾ ਮਤਲਬ ਕਿਸੇ ਦੇ ਨਾਲ
ਕਿਹੜਾ ਗੁਫ਼ਤਗੂ ਕਰਦੈ।
ਨਾ ਹੋਵੇ ਹੁਸਨ ਜੇ ਹਾਵੀ ਤਾਂ
ਕਿਹੜਾ ਆਰਜ਼ੂ ਕਰਦੈ।
ਤਲੀ 'ਤੇ ਜਾਨ ਰੱਖਦੈ ਜੋ ਨਹੀਂ
ਡਰਦਾ ਕਿਸੇ ਸੂਰਤ,
ਉਹ ਬਿਖੜੇ ਪੈਂਡਿਆਂ ਤੋਂ ਹੀ
ਸਫ਼ਰ ਆਪਣਾ ਸ਼ੁਰੂ ਕਰਦੈ।

ਮੇਰੇ ਵਰਗੇ ਨੂੰ ਹੀਰੇ ਦੀ ਤੇ
ਕੱਚ ਦੀ ਪਰਖ ਹੈ ਕਿੱਥੇ,
ਕਿਸੇ ਹੀਰੇ ਤੇ ਕੱਚ ਦੀ ਪਰਖ
ਵਿਰਲਾ ਪਾਰਖੂ ਕਰਦੈ।
ਜਦੋਂ ਤੀਕਣ ਇਹ ਚੱਲਣੇ ਸਾਹ,
ਨਾ ਮੁੱਕਣੇ ਕੰਮ ਦੁਨੀਆਂ ਦੇ,
ਹਰਿਕ ਬੰਦੇ ਨੂੰ ਉਹਦਾ ਅੰਤ
ਆਖ਼ਿਰ ਸੁਰਖ਼ਰੂ ਕਰਦੈ।

ਗਰੀਬੀ ਵੀ ਸਿਆਸਤ ਦੀ ਹੀ
ਸਾਰੀ ਦੇਣ ਹੈ ਯਾਰੋ ,
ਹਮਾਤੜ ਏਸ ਨੂੰ ਸਮਝੇ ਕਿ
ਇਹ ਵਾਹਿਗੁਰੂ ਕਰਦੈ।

ਨਾ ਜਾਣੇ ਕਿਉਂ ਹੈ ਪ੍ਰਚੱਲਤ
ਕਹਾਵਤ ਇਹ ਚੁਫ਼ੇਰੇ ਹੀ,
ਦਗ਼ਾ ਕਰਦੈ ਜਦੋਂ ਕਿਧਰੇ ਵੀ
ਅਪਣਾ ਹੀ ਲਹੂ ਕਰਦੈ।
ਮੈਂ ਅਪਣੇ ਆਪ 'ਤੇ ਹੱਸਣਾ
ਨਹੀਂ ਭੁੱਲਦਾ ਕਦਾਚਿਤ ਵੀ,
ਸਦਾ ਬੇਹਾਲ ਮੈਨੂੰ ਓਸ ਦਾ
ਹਰ ਅੱਥਰੂ ਕਰਦੈ।

ਨਾ ਦਿਸੇ ਓਸ ਦੀ ਸੂਰਤ ਨਾ
ਲੱਭੇ ਥਹੁ ਟਿਕਾਣਾ ਹੀ,
ਖ਼ੁਦਾ ਜਾਣੇਂ ਉਹ ਕਿਸਨੂੰ
ਕਦ ਤੇ ਕਿੱਦਾਂ ਰੂਬਰੂ ਕਰਦੈ।
ਤੇਰੀ ਇੱਕ ਇੱਕ ਅਦਾ ਤੋਂ
ਹੈ ਨਿਛਾਵਰ ਦਿਲ ਮੇਰਾ 'ਮੱਖਣ',
ਸਵੇਰੇ ਸ਼ਾਮ ਮੇਰਾ ਦਿਲ ਤੇਰੀ
ਹੀ ਜੁਸਤਜੂ ਕਰਦੈ।

**ਲੇਖਕ : ਮੱਖਣ ਸੇਖੂਵਾਸ**
**ਸੰਪਰਕ: 98152-84587**

ਪੰਜਾਬੀਆਂ ਦੀ ਫਰੇਜ਼ਰ ਸਟਰੀਟ 'ਤੇ ਸਭ ਤੋਂ ਪੁਰਾਣੀ ਅਤੇ ਸਭ ਤੋਂ ਵੱਡੀ ਮੀਟ ਸ਼ਾਪ

# ਫਰੇਜ਼ਰ ਵਿਊ ਮੀਟ ਸ਼ਾਪ

6657, Fraser St. Vancouver, 604-327-1724

- ਬੀ-ਬੀ-ਕਿਊ ਚਟਪਟਾ
- ਵਧੀਆ ਮੀਟ ਘੱਟ ਕੀਮਤ

ਵਿਆਹ, ਸ਼ਾਦੀਆਂ ਅਤੇ ਪਾਰਟੀਆਂ ਲਈ ਵੀ ਖਾਸ ਰਿਆਇਤਾਂ

ਮੁਰਗੇ ਅਤੇ ਬੱਕਰੇ ਦਾ ਸਵਾਦੀ ਆਚਾਰ






ਖਾਲਸਾ ਸਾਜਨਾ ਦਿਵਸ ਅਤੇ

# ਵਿਸਾਖੀ

ਦੀਆਂ ਆਪ ਸਭ ਨੂੰ

ਜਨਾਬ ਅਸਲਮ ਮਲਿਕ, ਫੈਰੀਅਲ ਮੈਂਜੀ

ਅਤੇ ਸਮੂਹ ਸਟਾਫ਼ ਵਲੋਂ

## ਲੱਖ ਲੱਖ ਵਧਾਈਆਂ


ਅਸਲਮ ਮਲਿਕ


# ਅਲ-ਮਨਸੂਰ ਵੀਡੀਓ ਇੰਕ.

604-321-2442

6657-Fraser St. Vancouver
(Inside Fraserview Meat Shop)



# CLASSIFIEDS & MATRIMONIALS



## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## BRIDE WANTED

**Professionally qualified match from decent Sikh family for our son 30, 5'10" federal government job. He is chartered professional Accountant and working in B.C.Contact Dr. Sidhu 778 829 0991**

.............................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ ਸੰਪਰਕ ਕਰੋ : 1 (403) 399-5130 AP 04-04


ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ

ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012


ਦਲਜੀਤ ਸਿੰਘ ਰਾਏ


## BRIDE WANTED

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ ਨਸ਼ਿਆਂ ਤੋਂ ਰਹਿਤ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਸਾਂਝੇ ਪਰਿਵਾਰ ਵਿਚ ਰਹਿਣ ਵਾਲੀ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨਿਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨਿਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। USA ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ ਫੋਨ ਕਰੋ 604-902-9068 ਜਾਂ ਈ ਮੇਲ ਕਰੋ gillco1977@gmail.com, ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਸੰਪਰਕ ਨਾ ਕਰਨ AP 13-02

.............................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

.............................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

.............................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

.............................................

ਕੈਨੇਡਾ ਸੈਟਲ ਜੱਟ ਸਿੱਖ ਸਿੱਧੂ ਪਰਿਵਾਰ ਦਾ ਲੜਕਾ, ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਸੀ.ਪੀ.ਏ. ਫੈਡਰਲ ਸਰਕਾਰ ਨੌਕਰੀ ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 778-829-0991 AP 02-04

.............................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12


AMAR MUSIC ACADEMY

INDIAN CLASSICAL LIGHT MUSIC, GURMAT SANGEET & TABLA

ਭਾਰਤੀ ਸ਼ਾਸ਼ਤਰੀ ਸੰਗੀਤ, ਗੁਰਮਤਿ ਸੰਗੀਤ ਅਤੇ ਤਬਲਾ ਸਿੱਖਣ ਲਈ ਫੋਨ ਕਰੋ



Prof. Gurdev Singh Phull,
Prof. Amrik Singh Phull

To Learn Indian Classical, Light Music & Tabla

Free Lessons for Blind & Handicapped



604-599-4628, 778-898-5052 | 13376-80 Ave, Surrey



JARNAIL SINGH




ART CLASSES

- 604-825-4659
- 604-724-6922
- 604-595-5885

#106- 12882-85 Ave. Surrey

# ਬੀ. ਸੀ. ਖਾਲਸਾ ਦਰਬਾਰ ਸੁਸਾਇਟੀ

7749 Prince Edward Street ,Vancouver ,B.C.V5X 0A3 604-325-2290 ,FAX :604-325-2260




## ਖਾਲਸਾ ਸਾਜਨਾ ਦਿਵਸ ਵਿਸਾਖੀ

## ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ : 11 ਅਪ੍ਰੈਲ, ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ : 13 ਅਪ੍ਰੈਲ, ਦਿਨ ਐਤਵਾਰ ਸਵੇਰੇ 9:00 ਵਜੇ**

ਉਪਰੰਤ 12:00 ਵਜੇ ਤੱਕ ਧਾਰਮਿਕ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**13 ਅਪ੍ਰੈਲ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।**

ਗੁਰੂ ਘਰ ਵਿਖੇ ਸੇਵਾ ਨਿਭਾ ਰਹੇ ਰਾਗੀ ਜਥੇ : ਭਾਈ ਗੁਰਮੀਤ ਸਿੰਘ ਬਰਨਾਲੇ ਵਾਲੇ ਅਤੇ ਭਾਈ ਗੁਰਪ੍ਰੀਤ ਸਿੰਘ ਚੰਡੀਗੜ੍ਹ ਵਾਲੇ

- ਹਰ ਮੰਗਲਵਾਰ ਨੂੰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਬੀਬੀਆਂ ਦੇ ਜਥੇ ਵਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ।
- ਗੁਰਦੁਆਰਾ ਸਾਹਿਬ ਵਿਖੇ ਪੰਜਾਬੀ ਦੀਆਂ ਕਲਾਸਾਂ ਤੇ ਕੀਰਤਨ ਸਿਖਲਾਈ ਦੀਆਂ ਕਲਾਸਾਂ ਚੱਲ ਰਹੀਆਂ ਹਨ ਜੀ।
- ਗੁਰਦੁਆਰਾ ਸਾਹਿਬ ਵਿਖੇ ਰੋਜ਼ਾਨਾ ਸਵੇਰੇ 10 ਤੋਂ 12 ਵਜੇ ਤੱਕ ਅਤੇ ਸ਼ਾਮ 5:30 ਤੋਂ 7:45 ਵਜੇ ਤੱਕ ਦੀਵਾਨ ਸਜਦੇ ਹਨ। ਸੰਗਤਾਂ ਨੂੰ ਬੇਨਤੀ ਹੈ ਵੱਧ ਤੋਂ ਵੱਧ ਹਾਜ਼ਰੀਆਂ ਭਰੋ ਜੀ।

**ਪ੍ਰੋਗਰਾਮ ਬੁੱਕ ਕਰਵਾਉਣ ਲਈ ਜਾਂ ਕੋਈ ਹੋਰ ਜਾਣਕਾਰੀ ਲੈਣ ਲਈ ਸੰਪਰਕ ਕਰੋ**

**ਗਿਆਨੀ ਸੁਖਵੰਤ ਸਿੰਘ : 236-688-7264, 604-325-2290**

**ਮੁੱਖ ਸੇਵਾਦਾਰ : ਸ. ਅਮਰਜੀਤ ਸਿੰਘ, 604-808-6224,**

**ਸਕੱਤਰ : ਸ: ਇੰਦਰਮੋਹਨ ਸਿੰਘ 604-725-9828**

ਫੈਡਰਲ ਇਲੈਕਸ਼ਨ / ਸੋਮਵਾਰ, 28 ਅਪ੍ਰੈਲ

#ItsOurVote

# ਕੀ ਤੁਹਾਨੂੰ ਤੁਹਾਡਾ ਵੋਟਰ ਜਾਣਕਾਰੀ ਕਾਰਡ ਮਿਲ ਗਿਆ ਹੈ?




**ਇਹ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਕਿੱਥੇ ਅਤੇ ਕਦੋਂ ਵੋਟ ਪਾ ਸਕਦੇ ਹੋ।**

ਜੇ ਤੁਸੀਂ ਵੋਟ ਪਾਉਣ ਲਈ ਰਜਿਸਟਰ ਹੋਏ ਹੋ, ਤਾਂ ਤੁਹਾਨੂੰ ਡਾਕ ਵਿੱਚ ਇੱਕ ਵੋਟਰ ਜਾਣਕਾਰੀ ਕਾਰਡ ਮਿਲਣਾ ਚਾਹੀਦਾ ਹੈ।

**ਇਲੈਕਸ਼ਨਜ਼ ਕੈਨੇਡਾ ਨਾਲ ਸੰਪਰਕ ਕਰੋ, ਜੇ ਤੁਹਾਡੇ ਵੋਟਰ ਜਾਣਕਾਰੀ ਕਾਰਡ 'ਤੇ:**

- ਦਿੱਤੀ ਜਾਣਕਾਰੀ ਗਲਤ ਹੈ
- 11 ਅਪ੍ਰੈਲ ਤੱਕ ਨਹੀਂ ਪਹੁੰਚਿਆ

It's Our Vote

ਵੋਟਿੰਗ ਬਾਰੇ ਲੋੜੀਂਦੀ ਅਧਿਕਾਰਿਤ ਜਾਣਕਾਰੀ ਵਾਸਤੇ, elections.ca 'ਤੇ ਜਾਓ।

1-800-463-6868 / **elections.ca** / TTY 1-800-361-8935

Elections Canada






**Delta Council extends warm greetings to the Sikh community and the Indian diaspora as we celebrate Vaisakhi—a festival marking both the harvest season and the creation of the Khalsa.**

In Delta, our rich cultural diversity is a source of pride. Vaisakhi is an opportunity to honour the values of compassion, service, and resilience that are central to Sikhism and enrich our entire community.

April also marks Sikh Heritage Month, providing an opportunity to appreciate and learn more about Sikh arts, culture, and heritage.

Khalsa Sirjana Diwas Diyan Lakh Lakh Vadhaiyan




*(left to right):* Councillor Daniel Boisvert, Councillor Jessie Dosanjh, Councillor Dylan Kruger, Mayor George V. Harvie, Councillor Alicia Guichon, Councillor Rod Binder, Councillor Jennifer Johal



**idea immigration**

- Super Visas
- PNPs

iccrc crcic

EXPRESS ENTRY — Canada's Express Entry immigration

# ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ,ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਨੂੰ ਕੈਨੇਡਾ ਬੁਲਾਓ। ਵਰਕ ਪਰਮਿਟ ਤੇ ਫੈਮਲੀ ਵੀ ਨਾਲ ਆ ਸਕਦੀ ਹੈ।
- ਵਿਆਹ ਸ਼ਾਦੀਆਂ ਤੇ ਰਫਿਊਜੀ ਕੇਸਾਂ 'ਚ ਅਪੀਲ
  ਆਪਣੇ ਮਾਤਾ -ਪਿਤਾ ਨੂੰ ਕੈਨੇਡਾ ਵਿੱਚ ਪੱਕੇ ਕਰਵਾਉਣ ਲਈ
- ਕੈਨੇਡਾ ਦੇ ਆਰਜ਼ੀ ਵੱਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
- ਇੰਜੀਨੀਅਰ, ਕੰਪਿਊਟਰ ਪ੍ਰੋਗਰਾਮਰ, ਟਰੱਕ ਡਰਾਇਵਰਾਂ ਦੀ ਜ਼ਰੂਰਤ
- ਕੈਨੇਡਾ ਦੇ ਇੰਮੀਗ੍ਰੇਸ਼ਨ ਮਹਿਕਮੇਂ ਵੱਲੋਂ ਅਰਜ਼ੀਆਂ ਲੈਣੀਆਂ ਸ਼ੁਰੂ
- ਵਿਜ਼ਟਰ ਵੀਜ਼ੇ ਤੇ ਆਏ , ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ



ਹੋਰ ਜਾਣਕਾਰੀ ਲਈ ਸੰਪਰਕ ਕਰੋ:

**NAVNEET SHARMA**

**778-320-0620**

**Phone :604-597-1119 | Fax:604-593-5099**

York Centre#209-7928, 128St. Surrey BC V3W 4E8

info@ideaimmigration.com | www.ideaimmigration.com


HAPPY VAISAKHI
ਖਾਲਸਾ ਸਾਜਨਾ ਦਿਵਸ ਅਤੇ
ਵਿਸਾਖੀ
ਦੀਆਂ ਲੱਖ ਲੱਖ ਵਧਾਈਆਂ
Can-West
Development Ltd.
» Custom Homes
» Building & Development
» General Contracting
» Licenced Builder
ਅਸੀਂ ਵੈਨਕੂਵਰ ਅਤੇ ਬਰਨਬੀ ਵਿੱਚ ਨਵੇਂ ਘਰ
ਅਤੇ Laneway House* ਬਣਾ ਕੇ ਦਿੰਦੇ ਹਾਂ।
ਸਾਡਾ ਸਾਈਟ ਡਿਵੈਲਪਮੈਂਟ ਦਾ ਕਾਰੋਬਾਰ ਵੀ ਹੈ।
ਆਪਣੀ ਮਨਪਸੰਦ ਦਾ ਘਰ
ਬਣਵਾਓਣ ਲਈ ਸੰਪਰਕ ਕਰੋ।
5628
Some Conditions Apply
JIWAN RANAUTA
Direct : 604-866-8374
Office : 604-537-8374
Fax : 604-322-7423
www.canwesthomes.com


Wishing Everyone a Happy Vaisakhi
ਵਿਸਾਖੀ ਦੀਆਂ ਲੱਖ ਲੱਖ ਵਧਾਈਆਂ
VOTE TALEEB NOORMOHAMED
ਤਾਲਿਬ ਨੂਰਮੁਹੰਮਦ
CANADA STRONG
VANCOUVER STRONG
Authorized by the Official Agent for Taleeb Noormohamed
778-588-1885
2921 Cambie Street
www.taleeb.ca

FSPM VANCOUVER

# FRASER ST. PUNJABI MARKET SOCIETY VANCOUVER

FSPM VANCOUVER

# ਫਰੇਜ਼ਰ ਸਟਰੀਟ ਪੰਜਾਬੀ ਮਾਰਕੀਟ ਸੁਸਾਇਟੀ ਵੈਨਕੂਵਰ

## ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਦੇਸ਼-ਵਿਦੇਸ਼ ਵਸਦੀਆਂ ਸਮੂਹ ਸੰਗਤਾਂ ਨੂੰ

## ਲੱਖ ਲੱਖ ਵਧਾਈਆਂ



**ਧੰਨਵਾਦ ਸਹਿਤ**

- ਵਿਜੇ ਖਹਿਰਾ
- ਗੁਰਦਿਆਲ ਸਿੰਘ ਗੈਡੇ
- ਜਸਵੀਰ ਉਰਗੇ
- ਕਰਨਵੀਰ ਸਿੰਘ ਰਨੋਂਤਾ
- ਜਗਜੀਵਨ ਸਿੰਘ ਰਨੋਂਤਾ
- ਮਨਦੀਪ ਮਾਂਗਟ

ਜਾਰੀ ਕਰਤਾ

# ਫਰੇਜ਼ਰ ਸਟਰੀਟ ਪੰਜਾਬੀ ਮਾਰਕੀਟ, ਸੁਸਾਇਟੀ, ਵੈਨਕੂਵਰ

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

**8115, 132 ਸਟਰੀਟ, ਸਰੀ, ਬੀ.ਸੀ.** V3W 4N5



## ਸਿੱਖ ਵਿਰਾਸਤੀ ਮਹੀਨਾ, ਖਾਲਸੇ ਦੇ ਦਿਵਸ ਵਿਸਾਖੀ ਅਤੇ

# ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ

(15 ਅਪੈ੍ਲ 1469)

## ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਗੁਰਦੁਆਰਾ ਸਾਹਿਬ ਵਿਖੇ ਖਾਲਸੇ ਦੇ ਦਿਵਸ ਵਿਸਾਖੀ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ:

ਢਾਡੀ ਦਰਬਾਰ - 11 ਅਪ੍ਰੈਲ, ਦਿਨ ਸ਼ੁੱਕਰਵਾਰ ਸ਼ਾਮ 6:00 ਤੋਂ 8:00 ਵਜੇ ਤੱਕ

ਕੀਰਤਨ ਦਰਬਾਰ - 12 ਅਪ੍ਰੈਲ, ਦਿਨ ਸ਼ਨਿੱਚਰਵਾਰ ਸ਼ਾਮ 6:00 ਵਜੇ ਤੋਂ 8:00 ਵਜੇ ਤੱਕ

ਕਥਾ ਦਰਬਾਰ - 13 ਅਪ੍ਰੈਲ, ਦਿਨ ਐਤਵਾਰ 6:00 ਵਜੇ ਤੋਂ 8:00 ਵਜੇ ਤੱਕ

**ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 13 ਅਪ੍ਰੈਲ ਦਿਨ ਐਤਵਾਰ ਦੁਪਹਿਰ 12:30 ਵਜੇ**

ਨੋਟ: ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਖਾਲਸੇ ਦੇ ਪ੍ਰਗਟ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਅਖੰਡਪਾਠ ਸਾਹਿਬ 12 ਅਪ੍ਰੈਲ ਸਵੇਰੇ 9:30 ਵਜੇ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ 14 ਅਪ੍ਰੈਲ ਸਵੇਰੇ 9:30 ਵਜੇ ਪੈਣਗੇ। ਉਪਰੰਤ ਸਾਰਾ ਦਿਨ ਖੁੱਲ੍ਹੇ ਦੀਵਾਨ ਸਜਣਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।



ਭਾਈ ਗੁਰਸ਼ਰਨ ਸਿੰਘ ਚੀਮਾ



ਗਿਆਨੀ ਸ਼ਿਵਤੇਗ ਸਿੰਘ ਜੀ



ਡਾ. ਜਸਪਾਲਵੀਰ ਸਿੰਘ ਜੀ



**ਅੰਮ੍ਰਿਤ ਸੰਚਾਰ**

**13 ਅਪ੍ਰੈਲ**

ਬਾਅਦ ਦੁਪਹਿਰ

**2:00 ਵਜੇ**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ

**ਫੋਨ : 604-590-3232, 778-713-5121, 604-590-3224**


SABZI MANDI
SUPERMARKET
Serving our Community since 2003
Happy Vaisakhi
HOT PRICE
JUMBO
CAULIFLOWER
ਗੋਭੀ
2.79 ea
HOT PRICE
ROMA
TOMATOES
ਰੋਮਾ ਟਮੇਟਰ
99¢ /lb
HOT PRICE
FRESH
CILANTRO
ਧਨੀਆਂ
Bunch
2 for 99¢
HOT PRICE
EXTRA FANCY
RED ONIONS
ਲਾਲ ਗੰਢੇ
LIMIT 2, 25lb
9.99 ea
ROSHNI
TAMARIND
ਰੋਸ਼ਨੀ ਇਮਲੀ
400g
2 for $5
UNBEATABLE DEAL
PUNJABI BY NATURE
SUJI RUSK
ਪੰਜਾਬੀ ਬਾਈ ਨੇਚਰ ਸੂਜੀ ਰੱਸਕ
600g
3.99 ea
HOT PRICE
JUMBO
CARROTS
ਵੱਡੀਆਂ ਗਾਜਰਾਂ
69¢ /lb
NANAK
RASMALAI
ਨਾਨਕ ਰਸਮਲਾਈ
850g
8.99 ea
FRESH
GINGER
ਅੰਦਰਕ
1.69 /lb
MAMPSTER
GOL GAPPA
ਮਿਮਪਸਟਰ ਗੋਲਗੱਪੇ
290g
8.99 ea
CASE LOT SALE
FRESH
CILANTRO
ਧਨੀਆਂ
60 Bunches
$25 ea
ROMA
TOMATOES
ਰੋਮਾ ਟਮੇਟਰ
25lb Case
$24 ea
JUMBO
CARROTS
ਵੱਡੀਆਂ ਗਾਜਰਾਂ
22lb
$14 ea
FRESH
ZUCCHINI
ਤੋਰੀ
79¢ /lb
AASHIRWAAD
MULTIGRAIN FLOUR
ਆਸ਼ਿਰਵਾਦ ਮੱਲਟੀਗਰੇਨ ਆਟਾ
10lb
9.99 ea
PUNJABI BY NATURE
MUSTARD OIL
ਪੰਜਾਬੀ ਬਾਈ ਨੇਚਰ ਸਰੋਂ ਦਾ ਤੇਲ
1L
6.99 ea
VERKA
DESI GHEE
ਵੇਰਕਾ ਦੇਸੀ ਘਿਉ
3kg
41.99 ea
PUNJABI BY NATURE
SOYA CHAAP
ਪੰਜਾਬੀ ਬਾਈ ਨੇਚਰ ਸੋਯਾ ਚਾਪ
850g
3.99 ea
FRESH
SPINACH
ਪਾਲਕ
Bunch
1.29 ea
NANAK
PANEER
ਨਾਨਕ ਪਨੀਰ
341g
4.99 ea
AMBROSIA
APPLES
ਐਮਬਰੋਜ਼ੀਆ ਸੇਬ
88¢ /lb
FRESH
RAPINI
ਸਾਗ
Bunch
2.99 ea
RUSSET
POTATOES
ਆਲੂ
10lb
3.99 ea
FRESH
METHI
ਮੇਥੀ
Bunch
1.99 ea
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. April 11, 2025 - Wed. April 16, 2025
MasterCard VISA AMERICAN EXPRESS Interac
American Express accepted at three locations.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
You can also visit us online at www.sabzimandicanada.com
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.